ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

MONTHLY **SURA** LUDHIANA

ਮਾਰਚ ੧੯੯੭



MARCH 1997

ਤਖਤ ਸ੍ਰੀ ਹਜ਼ੂਰ ਸਾਹਿਬ, ਅਬਚਲ ਨਗਰ ਨਾਂਦੇੜ

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


੧. ਗੁਲਿ ਹੋਲੀ ੧
੨. ਖਾਲਸੇ ਦਾ ਹੋਲਾ ੨
੩. ਸੱਚੀ ਸੂਰਮਤਾਈ ੩
੪. ਅੱਠ ਪਹਿਰੀ ਕੁੰਜੀ ੫
੫. ਸਭਨੀਂ ਛਾਲਾਂ ਮਾਰੀਆਂ ੬
੬. ਯਾਰੜੇ ਦਾ ਹੋਲਾ ੮
੭ ਧਰਮਸਾਲ ੯
੮. ਅੰਮ੍ਰਿਤ ਕਾ ਵਾਪਾਰੀ ਹੋਵੈ ੧੧
੯. ਧਰਤਿ ਕਾਇਆ ਸਾਧਿ ਕੈ ੧੩
੧੦ ਸੰਗੀਤ ਰਸ ਤੇ ਕੀਰਤਨ ਰਸ ੧੯
੧੧. ਹੋਲੀ ਦਾ ਫੁੱਲ (ਕਵਿਤਾ) ੧੯
੧੨. ਮਾਸ, ਸ਼ਰਾਬ ਸੇਵਨ ਤੇ ਹੋਰ ਕੁਰੀਤੀਆਂ ੨੦
੧੩. ਨਾਨਕ ਹਰਿ ਕੀਰਤਨ ਕਰਿ.... ੨੩
੧੪. ਸਾਂਝ ਕਰੀਜੈ ਗੁਣਹ ਕੇਰੀ..... ੨੬
੧੫. ਕਰਾਮਾਤ ੨੯
੧੬. ਭੰਗਾਣੀ ਦਾ ਯੁੱਧ.... ੩੨
੧੭. ਆਪਣੇ ਆਪ ਨੂੰ ਸਿੱਖ 'ਅਖਵਾਉਣ ਵਾਲਿਓ ੩੩
੧੮. ਗੁਰਸਿਖ ਜੋੜੀ ੩੩
੧੯. ਦਸਮੇਸ਼ ਪਿਤਾ ਤੈਨੂੰ ਖਾਲਸਾ ਹੈ ਸਾਜਿਆਂ (ਕਵਿਤਾ) ੩੪
੨੦. ਜੰਤਰੀ 1997 ੩੫


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ 25 ਮਾਰਚ

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ" – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ. ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ. ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼. ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ. ੫੩੩/੩ –ਏ ਫ਼ੇਜ਼. ਐਸ. ਏ. ਐਸ. ਨਗਰ. ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ. ਸਿੰਘ ਆਰਟਸ. ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇਂ – ਭਾਈ ਬਲਵੰਤ ਸਿੰਘ ਖ਼ਾਲਸਾ. ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ. ਮਕਾਨ ਨੰ: ੭੮੧੯. ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ. ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯. ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ. ਮਦਰਾਸ ਹੈਂਡਲੂਮ. ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ: ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ. ਪਿੰਡ ਉਪੋਕੀ. ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ.ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਵਕਰਮਾਂ ਮੰਦਰ) ਬੰਗਾ ਰੋੜ।
ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lambourne Gardens, Earley Reading, Berks U.K. Tel. ੦੧੭੩੪–੨
੨. ਅਮਰੀਕਾ – ਭਾਈ ਜੀਵਨ ਸਿੰਘ ਜੀ. ਗੁਰਦੀਪ ਸਿੰਘ ਜੀ. ਫੋਨ : ੧੮੦੦੭੨੨੬੨੧੨.
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ. ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ. ਫੋਨ : ੦੬੧੮੬੩੪੮੪੧.
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ. ਫੋਨ : ੦੯੨੭੦੨੭੫੫.

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ :– ਮਾਇਆ 'ਸੂਰਾ' ਦੇ ਸਬ–ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ–2 ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ **ਲਵੋ** ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ **ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋ** ੧੨–ਆਈ. ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ **ਕੀਤਾ**।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ. ਡੀ–੯੩. ਬਲਾਕ ੧੬. ਪਾਹਵਾ ਰੋਡ. ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੧
ਮਾਰਚ ੧੯੯੭
ਅੰਕ ੩

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ
ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ.......੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ - ੧੪੧੦੦੨ (ਇੱਕ ਕਾਪੀ .... ੩.੦੦)

## ਗੁਲਿ ਹੋਲੀ

ਗੁਲਿ ਹੋਲੀ ਬਬਾਗ਼ਿ ਦਹਰ ਬੂ ਕਰਦ।
ਲਬਿ ਚੂੰ ਗ਼ੁੰਚਹ ਰਾ, ਫ਼ਰਖ਼ੰਦਹ ਖ਼ੂ ਕਰਦ।।੧।।
ਗੁਲਾਬੋ, ਅੰਬਰੋ, ਮੁਸ਼ਕੋ ਅਬੀਰੋ।
ਚੁ ਬਾਰਾਂ, ਬਾਰਸ਼ੇ ਅਜ਼ ਸੂ ਬਸੂ ਕਰਦ।।੨।।
ਜ਼ਹੇ ਪਿਚਕਾਰੀਏ, ਪੁਰ ਜ਼ਾਫ਼ਰਾਨੀ।
ਕਿ ਹਰ ਬੇਰੰਗ ਰਾ, ਖ਼ੁਸ਼-ਰੰਗੋ ਬੂ ਕਰਦ।। ੩।।
ਗੁਲਾਲ ਅਫ਼ਸ਼ਾਨੀਏ, ਦਸਤਿ ਮੁਬਾਰਕ।
ਜ਼ਮੀਨੋ ਆਸਮਾਂ ਰਾ, ਸੁਰਖ਼ਰੂ ਕਰਦ।।੪।।
ਦੋ ਆਲਮ ਗਸ਼ਤ ਰੰਗੀਨ, ਅਜ਼ ਤੁਫ਼ੈਲਸ਼।
ਚੁ ਸ਼ਾਹਮ, ਜਾਮਾ ਰੰਗੀਂ, ਦਰ ਗੁਲੂ ਕਰਦ।।੫।।
ਕਸੇ ਕੋ ਦੀਦ, ਦੀਦਾਰਿ ਮੁਕੱਦਸ।
ਮੁਰਾਦਿ ਉਮਰ ਰਾ, ਹਾਸਿਲ ਨਿਕੋ ਕਰਦ।।੬।।
ਸ਼ਵਦ ਕੁਰਬਾਨ, ਖ਼ਾਕਿ ਰਾਹਿ ਸੰਗਤ।
ਦਿਲਿ 'ਗੋਯਾ', ਹਮੀਂ ਰਾ ਆਰਜ਼ੂ ਕਰਦ।।੭।।

(ਭਾ: ਨੰਦ ਲਾਲ ਸਿੰਘ ਜੀ, ਗ਼ਜ਼ਲ ੩੩)

### ਫ਼ਾਰਸੀ ਗ਼ਜਲ ਦੇ ਅਰਥ

ਗੁਲਿ ਹੋਲੀ- ਹੋਲੀ ਦਾ ਫੁੱਲ। ਬ-ਬਾਗ਼ਿ ਦਹਰ- ਦੁਨੀਆ ਦੇ ਬਾਗ ਵਿਚ। ਬੂ ਕਰਦ- ਸੁਗੰਧੀ ਕੀਤੀ। ਲਬਿ- ਬੁਲ੍ਹ। ਗ਼ੁੰਚਹ- ਅਧਖਿੜਿਆ ਫੁੱਲ। ਰਾ- ਨੂੰ। ਫ਼ਰਖ਼ੰਦਹ-ਖਿੜਿਆ ਹੋਇਆ। ਖ਼ੂ ਕਰਦ-ਵਾਹ ਵਾਹ (ਕਮਾਲ) ਕਰ ਦਿਤਾ। ਹੋਲੀ ਦਾ ਫੁੱਲ ਖਿੜਨ ਨਾਲ ਦੁਨੀਆ ਦਾ ਬਾਗ ਮਹਿਕ ਉਠਿਆ ਅਤੇ ਉਸ ਸੁੰਗਧੀ ਨੇ ਪ੍ਰੀਤਮ ਦੇ ਅਧ-ਮੀਟੇ ਬੁਲ੍ਹ ਫੁੱਲ ਦੀ ਡੋਡੀ ਵਾਂਗ ਖਿੜਾ ਦਿਤੇ ।੧।

ਗੁਲਾਬੋ, ਅੰਬਰੋ- ਸੁਗੰਧਤ ਵਸਤੂਆਂ ਦੇ ਨਾਂ। ਮੁਸ਼ਕੋ-ਕਸਤੂਰੀ। ਅੰਬੀਰੋ- ਸੁਗੰਧੀ ਵਾਲੀ ਇਕ ਵਸਤੂ। ਚੁ ਬਾਰਾਂ- ਮੀਂਹ ਵਾਂਗ। ਸੂ ਬਸੂ-ਹਰ ਪਾਸੇ ਤੋਂ। ਗੁਲਾਬ, ਅੰਬਰ, ਅੰਬੀਰ, ਆਦਿ ਸੁਗੰਧੀਆਂ ਦੀ ਹਰ ਪਾਸਿਓਂ ਮੀਂਹ ਵਾਂਗ ਵਰਖਾ ਹੋਣ ਲਗ ਪਈ।੨।



www.AKJ.Org

ਙਹੇ- ਵਾਹਵਾਹ ! ਖ਼ੂਬ ਸੋਹਣੀ। ਪੁਰ-ਭਰੀ ਹੋਈ। ਜ਼ਾਫ਼ਰਾਨੀ- ਘੁਲਿਆ ਹੋਇਆ ਕੇਸਰ। ਬੇਰੰਗ ਰਾ-ਰੰਗ ਤੋਂ ਹੀਣਿਆਂ ਨੂੰ। ਬੂ ਕਰਦ- ਸੁਗੰਧਤ ਕਰ ਦਿਤਾ। ਕੇਸਰ ਦੀ ਭਰੀ ਹੋਈ ਸੁੰਦਰ ਪਿਚਕਾਰੀ ਨੇ ਸਭ ਬੇ ਰੰਗਾਂ ਨੂੰ ਰੰਗ ਵਾਲਾ ਅਤੇ ਸੁਗੰਧਤ ਕਰ ਦਿਤਾ।੩।

ਅਫ਼ਸ਼ਾਨੀ- ਉਡਾਉਣਾ। ਦਸਤਿ ਮੁਬਾਰਕ- ਪਵਿੱਤਰ ਹੱਥਾਂ ਨਾਲ। ਜ਼ਮੀਨੋ ਆਸਮਾਂ ਰਾ-ਧਰਤੀ ਤੇ ਅਕਾਸ਼ ਨੂੰ। ਸੁਰਖ਼-ਰੂ-ਲਾਲ ਚਿਹਰਾ, ਲਾਲੋ ਲਾਲ। ਸਤਿਗੁਰੂ ਨੇ ਆਪਣੇ ਪਵਿਤਰ ਹੱਥਾਂ ਨਾਲ ਐਸਾ ਗੁਲਾਲ ਉਡਾਇਆ ਕਿ ਧਰਤੀ ਤੇ ਅਕਾਸ਼ ਨੂੰ ਲਾਲੋ ਲਾਲ ਕਰ ਦਿਤਾ।੪।

ਦੋ ਆਲਮ-ਦੋਵੇਂ ਲੋਕ। ਗਸ਼ਤ-ਹੋ ਗਏ। ਅਜ਼-ਤੋਂ। ਤੁਫ਼ੈਲਸ਼- ਉਸ ਦੇ ਤੁਫ਼ੈਲ, ਉਸ ਦੀ ਮਿਹਰ ਨਾਲ। ਸ਼ਾਹਮ-ਮੇਰੇ ਸ਼ਾਹ ਨੇ। ਜਾਮਾ ਰੰਗੀਂ-ਰੰਗਿਆ ਚੋਲਾ। ਗੁਲੂ ਕਰਦ- ਗਲ ਪਾਇਆ। ਸਤਿਗੁਰੂ ਦੀ ਮਿਹਰ ਨਾਲ ਦੋਵੇਂ ਜਹਾਨ ਰੰਗੀਜ ਗਏ ਹਨ, ਜਦੋਂ ਕਿ ਮੇਰੇ ਪਾਤਸ਼ਾਹ ਨੇ ਰੰਗਿਆ ਚੋਲਾ ਪਹਿਨਿਆਂ ਹੈ।੫।

ਕਸੇ-ਮਨੁੱਖ ਨੇ। ਕੋ-ਕੋਈ। ਕਸੇ ਕੋ-ਜਿਸ ਕਿਸੇ ਮਨੁਖ ਨੇ। ਦੀਦ-ਦਰਸ਼ਨ ਕੀਤਾ। ਦੀਦਾਰਿ ਮੁਕੱਦਸ-ਪਵਿਤਰ ਦੀਦਾਰ। ਮੁਰਾਦਿ ਉਮਰ ਰਾ- ਜ਼ਿੰਦਗੀ ਭਰ ਦੀਆਂ ਮੁਰਾਦਾਂ। ਨਿਕੋ-ਚੰਗੀ ਤਰ੍ਹਾਂ।

ਜਿਸ ਕਿਸੇ ਮਨੁੱਖ ਨੇ ਮੇਰੇ ਰੰਗਲੇ ਸਜਣ ਦੇ ਸੋਹਣੇ ਦਰਸ਼ਨ ਕਰ ਲਏ, ਉਸ ਨੇ ਉਮਰ ਭਰ ਦੀਆਂ ਮੁਰਾਦਾਂ ਪੂਰੀ ਤਰ੍ਹਾਂ ਪ੍ਰਾਪਤ ਕਰ ਲਈਆਂ।੬।

ਸ਼ਵਦ- ਹੋਵਾਂ । ਕੁਰਬਾਨ-ਸਦਕੇ। ਖ਼ਾਕਿ ਰਾਹਿ ਸੰਗਤ- ਸੰਗਤ ਦੇ ਰਾਹਾਂ ਦੀ ਧੂੜ ਤੋਂ। ਹਮੀਂ ਰਾ-ਇਹੋ ਹੀ। ਆਰਜ਼ੂ ਕਰਦ- ਇੱਛਾ ਕਰਦਾ ਹੈ, ਜਾਚਨਾ ਕਰਦਾ ਹੈ। 'ਗੋਇਆ' ਦਾ ਦਿਲ ਇਹੋ ਹੀ ਜਾਚਨਾ ਕਰਦਾ ਹੈ ਕਿ ਸੰਗਤ ਦੇ ਰਾਹਾਂ ਦੀ ਧੂੜੀ ਤੋਂ ਕੁਰਬਾਨ ਹੋ ਜਾਵਾਂ।੭।

# ਖ਼ਾਲਸੇ ਦਾ ਹੋਲਾ

**ਫ਼ਾਰਸੀ ਗ਼ਜ਼ਲ ਦੀ ਵਿਆਖਿਆ**

(ਭਾਈ ਸਾਹਿਬ ਭਾਈ ਰਣਧੀਰ ਸਿੰਘ)

ਭੁਲੀ ਲੁਕਾਈ ਫਿਕੇ ਤੇ ਹੋਛੇ ਰੰਗਾਂ ਵਿੱਚ ਹੋਲੀਆਂ ਦੀ ਖੇਡ ਵਿੱਚ ਉਲਝ ਕੇ ਜੀਵਨ-ਬਾਜੀ ਨੂੰ ਕੌਡਾਂ ਵਿੱਚ ਗੁਆ ਰਹੀ ਹੈ। ਜਦ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖਾਲਸੇ ਨੂੰ ਬੀਰ ਰਸੀ ਹੋਲੇ ਦੀ ਖੇਡ ਬਖ਼ਸ਼ੀ ਅਤੇ ਨਾਮ ਦੇ ਚਲੂਲੇ ਰੰਗਾਂ ਦੀ ਵਰਖਾ ਕਰਦਿਆਂ ਹੋਇਆਂ ਇੱਸ ਅਮੋਲਕ ਮਨੁੱਖਾ ਜਨਮ ਨੂੰ ਸਫਲ ਕਰਨਾ ਸਿਖਾਇਆ ।

ਕਲਗੀਧਰ ਪਾਤਸ਼ਾਹ ਜੀ ਦੇ ਸਾਜੇ ਹੋਲੇ ਦੇ ਇਨ੍ਹਾਂ ਨਿਰਾਲੇ ਰੰਗਾਂ ਨੂੰ ਭਾਈ ਸਾਹਿਬ ਨੰਦ ਲਾਲ ਸਿੰਘ ਜੀ *'ਗੋਇਆ'* ਬਿਸਮਾਦੀ ਰੰਗਾਂ ਵਿਚ ਮਾਣਦੇ ਹੋਏ ਸਰਸ਼ਾਰ ਹੋ ਰਹੇ ਹਨ ਅਤੇ ਅਸਚਰਜ ਨਾਮ ਦੇ ਚਲੂਲੇ ਰੰਗਾਂ ਦੇ ਰਸ ਵਿਚ ਰੰਗੀਜ ਕੇ ਪੁਕਾਰ ਉਠੇ ਹਨ ਕਿ ਹੋਲੀ ਕਿਵੇਂ ਹੋਲੇ ਵਿਚ ਵਟੀਜ ਕੇ ਨਾਮ ਦੀ ਬਹਾਰ ਲਿਆਈ ਹੈ,! ਕਹਿੰਦੇ ਹਨ ਕਿ ਹੋਲੀ ਦਾ ਫੁਲ ਖਿੜ ਪਿਆ ਹੈ, ਭਾਵ ਨਾਮ ਅਲੌਕਿਕ ਰੰਗਾਂ ਵਿਚ ਪ੍ਰਗਾਸ ਹੋ ਉਠਿਆ ਹੈ ਅਤੇ ਸਭ ਪਾਸੇ ਧਰਤ ਅਕਾਸ਼ ਵਿਚ ਸੁਗੰਧੀ ਹੀ ਸੁਗੰਧੀ ਉਠੀ ਹੈ। ਮਾਨੋ ਗੁਲਾਬ, ਕੇਸਰ ਤੇ ਕਸਤੂਰੀ ਆਦਿ ਸਮੂੰਹ ਸੁਗੰਧੀਆਂ ਦੇ ਨਾਫ਼ੇ ਖੁਲ੍ਹ ਗਏ ਹਨ। ਸਤਿਗੁਰੂ ਸਚੇ ਪਾਤਸ਼ਾਹ ਨੇ ਆਪਣੇ ਗਲ ਵਿਚ ਨਾਮ-ਰੰਗਾਂ ਦਾ ਰੰਗੀਜਿਆ ਜਾਮਾ ਪਹਿਰਿਆ ਹੋਇਆ ਹੈ ਅਤੇ ਸ਼ਹਿਨਸ਼ਾਹ ਪਿਤਾ ਆਪਣੇ ਪਵਿਤਰ ਹਸਤ ਕਮਲਾਂ ਨਾਲ ਨਾਮ ਦੀਆਂ ਪਿਚਕਾਰਿਆਂ ਚਲਾ ਕੇ, ਐਸੀ ਨਾਮ ਦੀ ਬਾਰਸ਼ ਕਰ ਰਹੇ ਹਨ ਕਿ ਜੋ ਵੀ ਜੀਵ ਸਾਹਿਬਾਂ ਦੀ ਦ੍ਰਿਸ਼ਟੀ ਹੇਠ ਆਉਂਦਾ ਹੈ, ਸਾਹਿਬਾਂ ਦੇ ਦਰਸ਼ਨ ਪਰਸਦਾ ਹੈ, ਉਹ ਸਤਿਗੁਰਾਂ ਦੀ ਨਦਰ-ਨਿਹਾਲ ਨਾਲ ਲਾਲੋ ਲਾਲ ਹੋ ਜਾਂਦਾ ਹੈ। ਉਸ ਤੇ ਐਸੀ ਨਾਮ ਦੀ ਬਖ਼ਸ਼ਸ਼ ਹੁੰਦੀ ਹੈ ਕਿ ਉਹ ਫਿਰ ਰਹਿੰਦੇ ਸੁਆਸਾਂ ਤਕ ਇਹ ਨਾਮ ਦੀ ਕਮਾਈ ਕਰਦਿਆਂ, ਇਸ ਰੰਗ ਵਿਚ ਰੰਗੀਜੇ ਰਹਿ ਕੇ ਆਪਣੇ ਜੀਵਨ ਦੀ ਅਸਲੀ ਲੋਚਾ ਪੂਰੀ ਕਰ ਜਾਂਦਾ ਹੈ।

ਅੰਤ ਵਿਚ ਭਾਈ ਸਾਹਿਬ ਜੀ ਨਾਮ-ਰੰਗ ਵਿਚ ਰੰਗੀਜੇ ਗੁਰਸਿਖਾਂ ਦੇ ਦਰਸ਼ਨ ਪਰਸਦੇ ਹੋਏ, ਗੁਰੂ ਪਾਤਸ਼ਾਹਾਂ ਦੇ ਚਰਨਾਂ ਵਿਚ ਜੋਦੜੀ ਕਰਦੇ ਹਨ ਕਿ ਪਾਤਸ਼ਾਹ ਮੇਰੀ ਤਾਂ ਕੇਵਲ ਇਹੋ ਹੀ ਜਾਚਨਾ ਹੈ ਕਿ ਗੁਰਸਿਖ ਸੰਗਤਾਂ ਦੀ ਚਰਨ ਧੂੜੀ ਇਸ ਨਿਮਾਣੇ ਸੇਵਕ ਨੂੰ ਬਖਸ਼,ਤਾਕਿ ਮੈਂ ਵੀ ਇਨ੍ਹਾਂ ਦੀ ਚਰਨ-ਧੂੜੀ ਸਦਕਾ ਜੀਵਨ ਸਫਲ ਕਰ ਸਕਾਂ ।



www.AKJ.Org

# ਸੱਚੀ ਸੂਰਮਤਾਈ

(ਵਲੋਂ- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਅਸਲ ਸੂਰਮੇ ਉਹ ਨਹੀਂ, ਹਰਗਿਜ ਨਹੀਂ ਕਹਾ ਸਕਦੇ ਜੋ ਮਨ ਦੇ ਹੰਕਾਰ ਕਰਕੇ ਲੜ ਭਿੜ ਮਰਦੇ ਹਨ। ਨਿਸ਼ਕਾਮ ਸੂਰਮਤਾਈ, ਸੱਚੀ ਸੂਰਮਤਾਈ ਕੇਵਲ ਗੁਰੂ ਘਰ ਦੇ ਵਰੋਸਾਏ ਗੁਰਮੁਖ ਜਨਾਂ ਦੀ ਆਤਮਾ ਅੰਦਰ ਹੀ ਆ ਸਕਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਨਾਮ ਰੰਗ ਰਤੜੇ, ਗੁਰਮੁਖ ਜਨ ਹੀ ਸਚੇ ਸੂਰਮੇ ਹੋ ਸਕਦੇ ਹਨ।

ਯਥਾ ਗੁਰਵਾਕ :-

"ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ।।"

ਸਪੱਸ਼ਟ ਭਾਵ ਹੈ ਅਤੇ ਸੱਚੇ ਸੂਰਮੇ ਦੀ ਗੁਰਮੁਖ ਡੇਫ਼ੀਨੀਸ਼ਨ (ਤਾਰੀਫ਼) ਕਿਆ ਸੁੰਦਰ ਦੱਸੀ ਹੈ ਕਿ ਸੱਚਾ ਸੂਰਮਾ ਸੱਚ ਮੁੱਚ ਉਹੀ ਹੈ ਜਿਸ ਨੂੰ ਵਾਹਿਗੁਰੂ ਨਾਮ ਦੇ ਰੰਗ ਪ੍ਰਾਪਤ ਹਨ। ਵਾਹਿਗੁਰੂ ਨਾਮ ਦੇ ਰੰਗਾਂ ਵਿਚ ਹੀ ਆ ਕੇ ਦੇਹੋਂ ਬਿਦੇਹ ਹੋ ਕੇ, ਸਚੇ ਆਤਮ-ਰਸ ਰੰਗ ਖਿੜਦੇ ਹਨ, ਅਤੇ ਆਤਮ -ਰੰਗ ਖਿੜੇ ਬਾਝੋਂ ਮਨੂਆ ਜਿਤਿਆ ਨਹੀਂ ਜਾ ਸਕਦਾ, ਨਾ ਹੀ ਨਿਸ਼ਕਾਮ ਭਗਤੀ ਅਤੇ ਸੱਚੀ ਉਪਕਾਰ ਗੀਧੀ ਨਿਰੋਲ ਸੂਰਮਤਾਈ ਹਿਰਦੇ ਅੰਦਰ ਪ੍ਰਵੇਸ਼ ਹੁੰਦੀ ਹੈ। ਜਿਸ ਜਨ ਨੇ ਆਪਣੀ ਆਤਮਾ ਨੂੰ ਜਿਤ ਲਿਆ, ਉਹ ਜਨ ਹੀ ਬੇਪਰਵਾਹ ਅਤੇ ਬੇਮੁਹਤਾਜ ਹੋ ਕੇ ਜਗਤਕਾਰ ਨੂੰ ਮਿਟਾ ਮੁਟਾ ਕੇ ਸਾਰੇ ਜਗਤ ਨੂੰ ਆਪਣੇ ਵਸਗੱਤ ਕਰ ਸਕਦਾ ਹੈ। ਪ੍ਰੰਤੂ ਇਹ ਬੇਪਰਵਾਹੀ ਅਤੇ ਬੇਮੁਹਤਾਜੀ, ਸੱਚੀ ਕੁਰਬਾਨੀ ਉਸ ਗੁਰਮੁਖ ਜਨ ਦੇ ਅੰਦਰ ਹੀ ਆ ਸਕਦੀ ਹੈ, ਜਿਸ ਨੂੰ ਸੱਚੇ ਸਤਿਗੁਰੂ ਦੀ ਸੱਚੀ ਗੁਰਦੀਖੀਆ ਪ੍ਰਾਪਤ ਹੋ ਗਈ ਹੋਵੇ। ਸੱਚਾ ਸਤਿਗੁਰੂ ਗੁਰੂ ਬਾਝੋਂ ਹੋਰ ਕੋਈ ਨਹੀਂ ਹੋ ਸਕਦਾ। ਤਾਂ ਤੇ ਸਿਰ ਧੜ ਦੀ ਬਾਜ਼ੀ ਲਾਉਣ ਵਾਲੀ ਸੱਚੀ ਸੂਰਬੀਰਤਾ ਗੁਰੂ ਘਰ ਦੇ ਰੰਗ-ਰਤੱੜੇ ਗੁਰਮੁਖ ਜਨਾਂ ਦੇ ਨਿਰਭੈ ਆਤਮਾ ਵਿਖੇ ਹੀ ਆ ਸਕਦੀ ਹੈ, ਆਤਮ-ਰੰਗਾਂ ਵਿਚ ਵਾਹਿਗੁਰੂ ਦੀ ਸਿਫ਼ਤ -ਸਲਾਹ ਕਰਨਹਾਰੇ, ਵਾਹਿਗੁਰੂ ਦਾ ਜਸ ਗਾਵਣਹਾਰੇ ਨਿਸ਼ਕਾਮ ਗੁਰਮੁਖ ਭਗਤ ਜਨਾਂ ਦੇ ਆਤਮ-ਜੀਵਨ ਅੰਦਰ ਹੀ ਪਰਵੇਸ਼ ਹੋ ਸਕਦੀ ਹੈ। ਇਸ ਬਿਧਿ ਪ੍ਰਵੇਸ਼ ਹੋਈ ਆਤਮ-ਕਣੀ ਜਿਸ ਜਨ ਅੰਦਰ ਮੌਜੂਦ ਹੋ ਉਸ ਦੇ ਆਤਮ-ਰੰਗ-ਰਤੱੜੇ ਜੀਵਨ ਅੰਦਰ ਹੀ ਸੱਚੀ ਸੂਰਬੀਰਤਾ ਵਾਲੀ ਸੱਚੀ ਸਪਿਰਿਟ ਆ ਸਕਦੀ ਹੈ। ਗੁਰੂ ਘਰ ਗੁਰੂ ਨਾਨਕ ਸਾਹਿਬ ਦਾ ਬਖ਼ਸ਼ਿਆ ਹੋਇਆ ਚਲੂਲਾ ਰੰਗ ਹੀ ਸਹਿਜ ਅਵਸਥਾ ਨੂੰ ਅਪੜਾ ਸਕਦਾ ਹੈ। ਇਸ ਸਹਿਜ ਅਵਸਥਾ ਵਿਚ ਲੀਨ ਹੋਏ ਬਾਝੋਂ ਸੱਚੀ ਨਿਰਭੈਤਾ ਨਹੀਂ ਉਪਜਦੀ ਅਤੇ ਤਿਥੇ ਹੀ ਸਚੇ ਆਤਮ-ਰੰਗਾਂ ਵਾਲੀ ਨਿਸ਼ਕਾਮ ਸੂਰਬੀਰਤਾ ਉਪਜਦੀ ਹੈ। ਤਾਂ ਤੇ ਗੁਰੂ ਘਰ ਦੇ ਆਤਮ-ਜੀਵਨ ਵਾਲੇ ਰੰਗ-ਰਤੱੜੇ ਸਚੇ ਗੁਰਮੁਖ ਜਨਾਂ ਅੰਦਰ ਹੀ ਸੱਚੀ ਸੂਰਮਤਾਈ ਉਪਜਦੀ ਹੈ। " ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ" ਮਈ ਸੱਚੀ ਗੁਰਵਾਕ ਪੰਗਤੀ ਨੇ ਸਪੱਸ਼ਟ ਹੀ ਫ਼ੈਸਲਾ ਕਰ ਦਿਤਾ ਕਿ ਸਤਿਗੁਰੂ ਪੂਰੇ ਦੀ ਗੁਰਦੀਖਿਆ ਜਿਸ ਨੂੰ ਪ੍ਰਾਪਤ ਹੋਈ ਹੈ, ਉਹੀ ਸੱਚਾ ਸੂਰਮਾ ਬਣ ਸਕਦਾ ਹੈ।

ਇਸ ਗੱਲ ਵਿਚ ਰੰਚਕ ਸੰਦੇਹ ਨਹੀਂ ਕਿ "ਗੁਰੂ ਪੂਰੇ ਵਾਲੀ" ਸੱਚੀ ਘਟਨਾ ਕੇਵਲ ਗੁਰੂ ਨਾਨਕ ਸਾਹਿਬ ਦੇ ਦਸੋਂ ਗੁਰ-ਜਾਮਿਆਂ ਉਪਰ ਘਟ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਫ਼ੈਸਲਾ ਕਰ ਦਿਤਾ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਪਿਛੋਂ ਕਚ-ਪਿਚੇ ਪੂਰੇ ਸੂਰੇ ਦੇਹ-ਧਾਰੀ ਗੁਰੂਆਂ ਦਾ ਸਿਲਸਿਲਾ ਉਕਾ ਹੀ ਮੁਕ ਚੁਕਾ ਹੈ। ਸਤਿਗੁਰੂ ਨਾਨਕ ਸਾਹਿਬ ਬਾਝੋਂ ਹੋਰ ਪੂਰਾ ਗੁਰੂ ਕੋਈ ਨਹੀਂ ਕਹਾ ਸਕਦਾ। ਗੁਰੂ ਨਾਨਕ ਸਚਾ ਪਾਤਸ਼ਾਹ, ਰੰਗ ਰਤੱੜੇ ਗੁਰਮੁਖ ਜਨਾਂ ਦੇ ਰੰਗ-ਰਤੱੜੇ ਘਟਾਂ ਅੰਦਰ ਹਰ-ਦਮ ਮੌਜੂਦ ਹੈ ਅਤੇ ਜਿਹੋ ਜਿਹੀ ਸ਼ਰਧਾ ਕਰ ਗੁਰੂ ਨਾਨਕ ਸਾਹਿਬ ਜੀ ਨੂੰ ਅਰਾਧਦੇ ਹਨ ਤਿਥੇ ਹੀ ਗੁਰੂ ਨਾਨਕ ਸਚਾ ਪਾਤਸ਼ਾਹ, ਪੂਰਾ ਗੁਰੂ ਨਾਨਕ ਸਾਹਿਬ, ਪੂਰੀ ਬਣਤ ਬਣਾਇ ਕੇ, ਪਰਤੱਖ ਦਰਸ਼ਨ ਦਿਖਾਇ ਦੇਂਦਾ ਹੈ। ਤਾਂ ਤੇ ਅਧੂਰੇ ਅਪੂਰੇ ਕੱਚ -ਪਿਚੇ ਗੁਰੂ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਸੱਚਾ ਸਤਿਗੁਰੂ। "ਸਤਿਗੁਰੂ ਬਾਝਹੁ ਗੁਰੂ ਨਹੀਂ ਕੋਈ" ਨਿਰਸੰਦੇਹ ਹੈ ਹੀ ਨਹੀਂ। ਤਾਂ ਤੇ ਗੁਰੂ ਘਰ, ਗੁਰੂ ਸਾਹਿਬ ਸਚੇ ਸਤਿਗੁਰੂ ਦੇ ਦੀਖਿਅਕ ਗੁਰਮੁਖ ਜਨ ਨੂੰ ਹੀ ਇਹ ਵਡਾਈ ਪ੍ਰਾਪਤ ਹੈ। ਜਿਸ ਦੇ ਸਿਰ ਉਪਰ ਸਦਾ ਸਦਾ ਸੱਚਾ ਸਤਿਗੁਰੂ ਨਾਨਕ ਦੇਵ ਹਰਦਮ ਹਾਜ਼ਰ ਨਾਜ਼ਰ ਹੈ, ਉਸ ਨੂੰ ਕਿਸੇ ਵੀ ਗੱਲ ਦੀ ਥੁੜ ਨਹੀਂ ਰਹਿੰਦੀ। ਯਥਾ ਗੁਰਵਾਕ

"ਸਿਰ ਊਪਰਿ ਠਾਢਾ ਗੁਰੁ ਸੂਰਾ।।
ਨਾਨਕ ਤਾ ਕੇ ਕਾਰਜ ਪੂਰਾ।।"(੨੯੩)

ਇਸ ਬਿਧਿ ਸਚੇ ਸਤਿਗੁਰੂ ਨੂੰ ਜੋ ਰੰਗ-ਰਤੱੜਾ ਗੁਰਮੁਖ ਜਨ ਹਰਦਮ ਹਿਰਦੇ ਵਿਚ ਵਸਾਈ ਰੱਖਦਾ ਹੈ, ਕੇਵਲ ਉਸੇ ਜਨ ਨੂੰ ਹੀ ਸੱਚੀ ਸੂਰਮਤਾਈ ਦੀ ਦਾਤ



www.AKJ.Org

ਪ੍ਰਾਪਤ ਹੁੰਦੀ ਹੈ। ਗੁਰਮਤਿ ਅਨੁਸਾਰ ਸੱਚਾ ਸੂਰਮਾ ਸੋਈ ਕਹਾ ਸਕਦਾ ਹੈ ਜਿਸ ਨੂੰ ਸਚੇ ਸਤਿਗੁਰੂ ਦੀ ਨਿਕਟਤਾਈ (ਨੇੜਤਾ )ਵਾਲੀ ਸੱਚੀ ਦਾਤ ਪ੍ਰਾਪਤ ਹੋਵੇ। ਸਚੇ ਨਿਰਭੈ ਸੂਰਮੇ ਗੁਰੂ ਘਰ ਅੰਦਰ ਹੀ ਉਪਜੇ ਹਨ ਅਤੇ ਸਦਾ ਗੁਰੂ ਘਰ ਅੰਦਰ ਹੀ ਉਪਜਣਗੇ । ਤਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦੀ ਜੁਗ ਜੁਗ ਵਡਿਆਈ ਅਤੇ ਨਿਕਟਤਾਈ ਪ੍ਰਾਪਤ ਹੁੰਦੀ ਰਹੇਗੀ। ਤਿਨ੍ਹਾਂ ਨੂੰ ਨਿਜ-ਨਿਸ਼ਕਾਮ ਸੂਰਮਤਾ ਵਾਲੀ ਸਚੀ ਸਪਿਰਟ ਪ੍ਰਾਪਤ ਰਹੇਗੀ। ਉਹ ਸਦਾ ਹੀ ਜੰਗਾਂ ਜੁਧਾਂ ਵਿਚ ਹੀ ਜੂਝਣਗੇ। ਸੱਚੀ ਸੂਰਮਤਾਈ ਸੂਰਬੀਰਤਾ ਤਿਨ੍ਹਾਂ ਦੇ ਹੀ ਵਿਰਸੇ ਵਿਚ ਸਦੀਵ ਲਈ ਮਖ਼ਸੂਸ ਰਹੇਗੀ ਅਤੇ ਮਖ਼ਸੂਸ ਹੁੰਦੀ ਚਲੀ ਆਉਂਦੀ ਹੈ। ਸੱਚੇ ਸੂਰਮਿਆਂ ਵਾਲੀ ਸੱਚੀ ਸੂਰਮਗਤੀ ਕੇਵਲ ਤਿਨ੍ਹਾਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ, ਜੋ ਆਤਮ-ਰੰਗਾਂ ਵਿਚ ਰੰਗ ਕੇ, ਕੇਵਲ ਗੁਰੂ ਪਰਾਇਣ ਹੋ ਕੇ ਸਿਰ ਲੱਥ, ਸਿਰ ਧੜ ਦੀ ਬਾਜ਼ੀ ਲਾਉਣਗੇ। ਆਤਮ-ਜੀਵਨੀ ਰੰਗ ਦੇ ਚਲੂਲੇ ਰੰਗ, ਕੇਵਲ ਸੱਚੀ ਗੁਰ-ਭਗਤੀ ਦੇ ਆਸਰੇ ਹੀ ਗੁਰਮੁਖ ਰੰਗ-ਰਤੱੜੀਆਂ ਰੂੜ੍ਹੀਆਂ ਰੂਹਾਂ ਅੰਦਰ ਪ੍ਰਵੇਸ਼ ਹੋ ਸਕਦੇ ਹਨ ਤਿਨ੍ਹਾਂ ਨੂੰ ਹੀ ਸੱਚੀ ਸੂਰਮਤਾਈ ਵਾਲੇ ਸੁਭਾਗ ਪ੍ਰਾਪਤ ਹੁੰਦੇ ਹਨ।

"ਨਾਨਕ ਸੋ ਸੂਰਾ ਵਰੀਆਮੁ,
ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ।।" (੮੬)

ਗੁਰਵਾਕ ਦੇ ਭਾਵ ਅਨੁਸਾਰ ਸੱਚਾ ਸੂਰਮਾ ਅਤੇ ਬਹਾਦਰ ਸੋਈ ਜਨ ਹੈ ਜਿਸ ਨੇ ਆਪਣੇ ਅੰਦਰੋਂ ਦੁਸ਼ਟ 'ਅਹੰਕਰਣੁ ਮਈ' ਹਉਮੈ ਦਾ ਬਿਨਾਸ, ਅਤੇ ਬੀਜ ਨਾਸ ਕੀਤਾ ਹੈ। ਇਸ ਹਉਮੈ ਦਾ ਬਿਨਾਸ ਗੁਰਮਤਿ ਨਾਮ ਅਭਿਆਸ ਦੀ ਕਮਾਈ ਦੁਆਰਾ ਹੀ ਹੋ ਸਕਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੇ ਪ੍ਰਾਪਤ ਕਰਕੇ ਹੀ ਸੂਰਮੇ ਅੰਦਰ ਸੱਚੀ ਗਰੀਬੀ (ਨਿਮਰਤਾ) ਆਉਂਦੀ ਹੈ। ਜਿਸ ਦੇ ਅੰਦਰ ਇਹ ਨਿਮਰਤਾ ਨਹੀਂ ਆਈ ਅਤੇ ਜਿਸ ਦੇ ਅੰਦਰੋਂ ਹਉਮੈ ਦਾ ਬਿਨਾਸ ਨਹੀਂ ਹੋਇਆ, ਉਸ ਦੇ ਅੰਦਰ ਸੱਚੀ ਸੂਰਮਤਾ ਕਦੇ ਆ ਹੀ ਨਹੀਂ ਸਕਦੀ। ਯਥਾ :-

"ਸੂਰੇ ਏਹਿ ਨ ਆਖੀਅਹਿ ਅਹੰਕਾਰਿ
ਮਰਹਿ ਦੁਖੁ ਪਾਵਹਿ।।" (੧੦੮੯)

ਬਲਕਿ ਸੱਚਾ ਸੂਰਮਾ ਉਹ ਹੈ ਜੈਸੇ ਕਿ ਅਗਲੇ ਗੁਰਵਾਕ ਦਾ ਭਾਵ ਹੈ :-

"ਸੂਰਬੀਰ ਧੀਰਜ ਮਤਿ ਪੂਰਾ।।
ਸਹਜ ਸਮਾਧਿ ਧੁਨਿ ਗਹਿਰ ਗੰਭੀਰਾ।।" (੮੬੧)

ਇਸ ਗੁਰਵਾਕ ਦੇ ਭਾਵ ਅਨੁਸਾਰ ਸੱਚੀ ਬੀਰਤਾ ਵਾਲਾ ਸੂਰਮਾ ਸੋਈ ਹੈ, ਜਿਸ ਦੇ ਅੰਦਰ-ਆਤਮੇ ਸੱਚੀ ਧੀਰਜ ਰੂਪੀ ਸ਼ਾਂਤਮਈ ਆਉਂਦੀ ਹੈ, ਇਹ ਸੱਚੀ ਸ਼ਾਂਤਮਈ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਆ ਸਕਦੀ ਹੈ । ਗੁਰਮਤਿ ਦੇ ਰੰਗਾਂ ਵਿਚ ਰੰਗੀਜ ਕੇ ਨਾਮ ਅਭਿਆਸੀ ਜਨ ਦੀ ਐਸੀ ਸਹਿਜ ਸਮਾਧੀ ਲਗਦੀ ਹੈ ਕਿ ਉਸ ਨੂੰ ਆਪਣੇ ਸਰੀਰਕ ਅੰਗਾਂ ਦੀ ਸੁਧ ਬੁਧ ਹੀ ਨਹੀਂ ਰਹਿੰਦੀ। ਉਹ ਗਹਿਰ ਗੰਭੀਰ ਰੰਗਾਂ ਵਿਚ ਲਿਵਲੀਣ ਹੋ ਜਾਂਦਾ ਹੈ।

ਜਿਸ ਦੇ ਆਪੇ ਦਾ ਅਭਾਵ ਨਹੀਂ ਹੋਇਆ, ਉਸ ਨੇ ਹੋਰਤ ਜਗਤ ਨੂੰ ਕੀ ਪ੍ਰਬੋਧਨਾ ਸੋਧਣਾ ਹੈ। ਜਿਸ ਦੇ ਅੰਦਰੋਂ ਅਹੰਕਾਰ ਨਹੀਂ ਮਰਿਆ, ਉਸ ਨੇ ਦੂਜਿਆਂ ਨੂੰ ਕੀ ਮਾਰ ਸਕਣਾ ਹੈ। ਜਿਸ ਦਾ ਅੰਦਰਲਾ ਭਉ ਨਹੀਂ ਗਿਆ, ਉਹ ਪੁਰਸ਼ ਹੋਰਨਾਂ ਤੇ ਭਾਰੂ ਹੋ ਹੀ ਨਹੀਂ ਸਕਦਾ। ਅੰਦਰਲੇ ਭਉ ਗਏ ਬਿਨਾਂ ਨਿਰਭੈਤਾ ( ਸੱਚੀ ਸੂਰਮਤਾ) ਆ ਹੀ ਨਹੀਂ ਸਕਦੀ। ਗੁਰਮਤਿ ਨਾਮ ਅਭਿਆਸ ਦੀ ਅਤੁਟ ਕਮਾਈ ਦੇ ਤੁਫ਼ੈਲ ਸੱਚੇ ਸਹਿਜ ਰੰਗਾਂ ਵਿਚ ਲੀਨ ਹੋ ਕੇ, ਸੱਚੀ ਨਿਰਭੈਤਾ ਪ੍ਰਾਪਤ ਹੋਈ ਬਾਝੋਂ, ਸੱਚੀ ਸੂਰਮਤਾ ਕਿਥੇ ? ਸੱਚੇ ਸੂਰਮੇ ਉਹ ਹਨ ਜੋ ਆਪਾ ਖੋਇ ਕੇ, ਆਪਾ ਬਿਗੋਇ ਕੇ, ਇਸ ਲੋਕ ਅੰਦਰ ਤੇ ਪਰਲੋਕ ਅੰਦਰ ਸੱਚੜਾ ਮਾਣ ਪਾਉਂਦੇ ਹਨ। ਯਥਾ ਗੁਰਵਾਕ :-

"ਸੂਰੇ ਸੇਈ ਆਗੈ ਆਖੀਅਹਿ
ਦਰਗਹ ਪਾਵਹਿ ਸਾਚੀ ਮਾਣੋ।" (ਪੰਨਾ ੫੮੦)

ਸੱਚਾ ਸੂਰਮਾ ਉਹੀ ਹੈ ਜਿਸ ਨੇ ਪ੍ਰਿਥਮ ਆਪਣਾ ਆਪ ਮਿਟਾਇਆ ਹੈ। ਤੇ ਆਪਣਾ ਆਪ ਮਿਟਾਇ ਕੇ ਹੀ ਸਚੀ ਦੀਨਤਾ ( ਗਰੀਬੀ) ਆਉਂਦੀ ਹੈ। ਐਸੀ ਦੀਨਤਾ ਵਾਲਾ ਗੁਰਮੁਖ ਜਨ ਹੀ ਅੰਦਰੋਂ ਬਾਹਰੋਂ ਦੀਨ( ਗਰੀਬ) ਹੋਇ ਕੇ ਦੀਨਾਂ ਗਰੀਬਾਂ ਲਈ ਜੂਝ ਸਕਦਾ ਹੈ । ਯਥਾ ਗਰਵਾਕ :-

"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।।"
(ਪੰਨਾ ੧੧੦੫)

ਆਪਾ-ਪ੍ਰਸਤ ਆਦਮੀ, ਜਿਸ ਨੇ ਆਪਣੇ ਤਨ ਦੀ ਰਖਿਆ ਨੂੰ ਹੀ ਮੁਖ ਰਖਿਆ ਹੈ, ਉਹ ਐਵੇਂ ਹੀ ਡਰ ਡਰ ਮਰਦਾ ਹੈ ਅਤੇ ਇਸ ਮਰਨ ਤੋਂ ਬਚਣ ਲਈ ਬਿਰਥਾ ਹੀ ਆਪਣੇ ਆਪ ਨੂੰ ਲਕੋਂਦਾ ਫਿਰਦਾ ਹੈ। ਉਸ ਨੇ ਪਰਉਪਕਾਰ ਦੀ ਖ਼ਾਤਰ ਕੀ ਮਰਨਾ ਹੋਇਆ ? ਜਿਹੜਾ ਸੱਚਾ ਸੂਰਮਾ ਗੁਰਮੁਖ ਜਨ ਹੈ ਉਹ ਰਣ-ਤਤਿਆਂ ਵਿਚ ਵੀ ਨਹੀਂ ਡਰਦਾ। ਯਥਾ ਗੁਰਵਾਕ :-


www.AKJ.Org

"ਸੂਰੁ ਕਿ ਸਨਮੁਖ ਰਨ ਤੇ ਡਰਪੈ..." (੩੩੮)

ਉਹ ਸੂਰਮਾ ਕੀ ਆਖ, ਜੋ ਸਨਮੁਖ ਜੂਝਣੋਂ ਡਰੇ ਅਤੇ ਰਣ-ਤਤੇ ਵਿਚੋਂ ਭੱਜ ਨਿਕਲੇ। ਜਿਸ ਗੁਰਮੁਖ ਜਨ ਨੇ ਅਥਾਹ ਗੁਰਮਤਿ ਨਾਮ ਦੀ ਕਮਾਈ ਦੇ ਪ੍ਰਤਾਪ ਸੇਤੀ ਆਪਣਾ ਆਪ ਉੱਕਾ ਹੀ ਗਵਾਇਆ ਹੋਇਆ ਹੁੰਦਾ ਹੈ, ਉਹੀ ਰਣ-ਤੱਤੇ ਵਿਚ ਪੂਰਾ ਉਤਰਦਾ ਹੈ। ਗੁਰਮਤਿ ਰੰਗਾਂ ਵਿਚ ਲੀਨ ਹੋ ਕੇ ਉਸ ਨੂੰ ਸੱਚੀ ਨਿਰਭੈਤਾ ਪ੍ਰਾਪਤ ਹੀ ਰਹਿੰਦੀ ਹੈ। ਉਸ ਨੂੰ "ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ।।" (੨੦)

ਗੁਰਵਾਕ ਦੇ ਭਾਵ ਅਨੁਸਾਰ ਸਦਾ ਸਦਾ ਲਈ ਆਪਣਾ ਸੀਸ ਤਲੀ ਉਤੇ ਰੱਖੀ ਫਿਰਨ ਲਈ ਗੁਰਦਵਾਰਿਓਂ ਸੱਚੜੀ ਸੂਝ ਬੂਝ ਅਤੇ ਉਤਸ਼ਾਹ ਮਈ ਤਕੀਆ-ਤਾਣ ਪ੍ਰਾਪਤ ਹੀ ਰਹਿੰਦਾ ਹੈ। ਪਰਉਪਕਾਰ ਦੀ ਖ਼ਾਤਰ ਉਸ ਨੂੰ ਮਰ ਮਿਟਣਾ ਖੱਬੇ ਹੱਥ ਦੀ ਖੇਡ ਹੀ ਦਿਸਦੀ ਰਹਿੰਦੀ ਹੈ। ਤਾਂ ਤੇ ਸਿਧ ਹੋ ਗਿਆ ਕਿ ਸੂਰਮਤਾ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਨੂੰਹੀ ਪ੍ਰਾਪਤ ਹੁੰਦੀ ਹੈ। ਗੁਰੂ ਘਰ ਤੋਂ ਬਾਹਰ ਨਾ ਹੀ ਸੱਚੜੀ ਸ਼ਾਂਤਮਈ (ਧੀਰਜਤਾ), ਨਾ ਹੀ ਸੱਚੀ ਸੂਰਬੀਰਤਾ ਪ੍ਰਾਪਤ ਹੋ ਸਕਦੀ ਹੈ। ਸੱਚੇ ਸਤਿਗੁਰੂ ਦੇ ਰੰਗਾਂ ਵਿਚ ਰਤੇ ਬਿਨਾਂ ਸੱਚੀ ਸੂਰਮਤਾ ਆਉਂਦੀ ਹੀ ਨਹੀਂ।

ਤਾਂ ਤੇ ਇਹ ਸੱਚੜਾ ਆਤਮ-ਚਲੂਲੀ-ਰੰਗ ਜਿਸ ਗੁਰਮੁਖ ਜਨ ਨੂੰ ਹਰਦਮ ਚੜ੍ਹਿਆ ਹੀ ਰਹਿੰਦਾ ਹੈ, ਉਹੀ ਜਨ ਚੜ੍ਹਦੀਆਂ ਕਲਾਂ ਵਾਲੀ ਸੱਚੜੀ ਸੂਰਬੀਰਤਾ ਦੇ ਰੰਗਾਂ ਵਿਚ ਰੰਤਿਆ ਮੱਤਿਆ ਜਾਣੋ। ਇਹ ਸੱਚੜਾ ਰੰਗ ਚੜ੍ਹਦੀਆਂ ਕਲਾਂ ਵਾਲਾ, ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਅੰਦਰ ਹੀ ਹੈ, ਏਦੂੰ ਬਾਹਰ ਹਰਗਿਜ ਨਹੀਂ। ਸੱਚੀ ਸੂਰਮਤਾਈ ਭੀ ਇਨ੍ਹਾਂ ਹੀ ਸਚੜੇ ਗੁਰਮਤਿ ਰੰਗਾਂ ਤੋਂ ਚੜ੍ਹਦੀ ਕਲਾ ਵਿਖੇ ਆਉਂਦੀ ਹੈ। ਸੱਚੀ *ਨਿਮ੍ਰਤਾ*, ਸੱਚੜੀ ਸ਼ਾਂਤਮਈ ਗੁਰਮੁਖਾਂ ਦੇ ਹਿਰਦਿਆਂ ਵਿਚ ਹੀ ਵਸਦੀ ਹੈ, ਹੋਰ ਕਿਤੇ ਨਹੀਂ, ਅਤੇ ਇਨ੍ਹਾਂ ਆਪਾ-ਅਭਾਵ-ਹੋਏ-ਸੱਚੇ-ਨਿਮਰੀ-ਭੂਤ ਰਿਦ-ਸ਼ਾਂਤੀਆਂ ਨੂੰ ਹੀ ਗੁਰੂ ਦੁਆਰਿਓਂ ਸੱਚੜੀ ਸੂਰਮਤਾਈ ਦੀ ਦਾਤ ਮਿਲਦੀ ਹੈ। ਹਉਮੈ ਹੰਕਾਰ ਦੇ ਮਿਟੇ ਹਟੇ ਬਿਨਾਂ ਨਾ ਹੀ ਸੱਚੜੀ ਸ਼ਾਂਤਮਈ ਦੀ ਦਾਤ-ਇਲਾਹੀ ਨਸੀਬ ਹੁੰਦੀ ਹੈ ਅਤੇ ਨਾ ਹੀ ਇਸ ਸੱਚੜੀ ਸੂਰਮਤਾਈ ਵਾਲਾ ਸੱਚਾ ਸੂਰਜ ਉਦੇ ਹੁੰਦਾ ਹੈ।

"ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ।।" (੫੬੦)

ਗੁਰਵਾਕ ਦਾ ਭਾਵ ਇਹ ਹੈ ਕਿ ਕੇਵਲ ਨਾਮ ਦੁਆਰਾ ਹੀ ਹਉਮੈ ਹੰਕਾਰ ਬਿਨਸਦਾ ਹੈ। ਜਦ ਤਾਈਂ ਇਹ ਮਨ ਹਉਮੈ ਦੀਆਂ ਲਹਿਰਾਂ ਵਿਚ ਹੈ, ਤਦ ਤਾਈਂ ਇਸ ਦੀ ਘਾਲ ਕਮਾਈ, ਭਾਵ ਭਗਤੀ ਮਈ ਸੇਵਾ, ਸਭ ਬਿਰਥੀ ਹੀ ਜਾਂਦੀ ਹੈ। ਯਥਾ ਗੁਰਵਾਕ :-

"ਹਉਮੈ ਵਿਚਿ ਸੇਵਾ ਨ ਹੋਵਈ
ਤਾ ਮਨੁ ਬਿਰਥਾ ਜਾਇ।। ੧।।" (੫੬੦)

ਲੋਕਾਈ ਐਵੇਂ ਹੀ ਸ਼ਾਂਤਮਈ ਸ਼ਾਂਤਮਈ ਕੂਕਦੀ ਹੈ ਅਤੇ ਹਉਮੈ ਵਿਚ ਹੀ ਕੂਕਦੀ ਹੈ। ਸੱਚੜੀ ਸ਼ਾਂਤਮਈ ਨਾ ਕਿਸੇ ਨੂੰ ਪ੍ਰਾਪਤ ਹੋਈ ਹੈ, ਨਾ ਹੋਣੀ ਹੈ। ਜਿਥੇ ਹੋਈ ਹੈ ਉਥੇ ਹਉਮੈ ਦਾ ਉਕਾ ਹੀ ਅਭਾਵ ਹੋ ਗਿਆ ਹੈ। ਉਥੇ ਕੇਵਲ ਸੱਚੜੀ ਸੂਰਮਤਾਈ ਵਾਲੀ ਗਤੀ ਕਲਿਆਣ ਮਈ ਹੈ। ਇਹ ਸਭ ਸਦਕਾ ਗੁਰਮਤਿ ਨਾਮ ਦੇ ਰੰਗਾਂ ਵਿਚ ਰੰਗੀਜਣ ਦਾ ਹੀ ਹੈ। ਉਹ ਸ਼ਖਸ ਉੱਕੇ ਹੀ ਕੁੜ੍ਹਾਵੇ ਹਨ, ਜੋ ਇਸ ਸੱਚੜੀ ਲਿਵ-ਲੀਨਤਾ ਬਿਨਾਂ ਹੀ ਸ਼ਾਂਤਮਈ ਅਤੇ ਸੂਰਮਤਾਈ ਲਭਦੇ ਹਨ। ਆਮ ਲੋਕੀ ਹਨੇਰੇ ਵਿਚ ਅੱਕੀ ਪਲਾਹੀਂ ਹੱਥ ਮਾਰਦੇ ਫਿਰਦੇ ਹਨ, ਉਨ੍ਹਾਂ ਨੂੰ ਲੱਭਦਾ ਲੁੱਭਦਾ ਕੁਝ ਵੀ ਨਹੀਂ। ਗੁਰੂ ਨਾਨਕ ਦੇਵ ਜੀ ਦੀ ਸ਼ਰਨੀ ਆਇਆਂ ਹੀ ਇਸ ਲੱਭਤਾ ਦਾ ਚਾਨਣ ਦਿਸਦਾ ਹੈ। ਤਾਂ ਤੇ ਜਿਸ ਜਨ ਨੂੰ ਸੱਚੀ ਸੂਰਮਤਾ ਦਰਕਾਰ ਹੈ ਉਹ ਸਗਲ ਹਉਮੈ ਤਿਆਗ ਕੇ, ਸਚੇ ਸਤਿਗੁਰੂ ਗੁਰੂ ਨਾਨਕ ਦੀ ਸ਼ਰਨੀ ਆਵੇ। ਇਸ ਸੱਚੜੇ ਦਰ ਘਰ ਤੋਂਗੁਰਮਤਿ ਨਾਮ ਮਈ ਦੀਖਸ਼ਾ ਦੀਆਂ ਸਚੀਆਂ ਮੁਰਾਦਾਂ ਪਾਵੇ, ਤਾਂ ਹੀ ਉਸਨੂੰ ਸੱਚੀ ਸੂਰਮਤਾ ਦੇ ਰੰਗ ਚੜ੍ਹ ਸਕਦੇ ਹਨ। ਐਵੇਂ ਨਹੀਂ।

## ਅਠ-ਪਹਿਰੀ ਕੁੰਜੀ

ਅੰਮ੍ਰਿਤ ਵੇਲੇ ਦੀ ਇਕ-ਪਹਿਰੀ ਸਾਵਧਾਨਤਾ ਸਹਿਤ ਨਾਮ-ਅਭਿਆਸ ਕੀਤਾ ਹੋਇਆ ਮਾਨੋ ਅਠ-ਪਹਿਰੀ ਕੁੰਜੀ ਲਗ ਜਾਂਦੀ ਹੈ, ਜਿਸ ਦੇ ਤਾਣ ਸੁਤੇ ਸੁਭਾਵ ਹੀ ਨਾਮ-ਅਭਿਆਸ ਦੀ ਸੁਆਸਾਂ ਰੂਪੀ ਘੜੀ ਦਾ ਪੈਂਡੂਲਮ ਪੰਚ-ਦੂਤ-ਦਮਨੀ ਖੰਡੇ ਦੀ ਖੜਕਾਟ ਵਾਲੀ ਸਹਿਜ ਰਫ਼ਤਾਰ ਵਿੱਚ ਚਲਦਾ ਰਹਿੰਦਾ ਹੈ। ਖ਼ਾਸ ਕਰ ਜਿਨ੍ਹਾਂ ਗੁਰਮਤਿ ਜਗਿਆਸੂਆਂ ਨੂੰ ਖੰਡੇ ਦੇ ਅੰਮ੍ਰਿਤ-ਸੰਚਾਰ (ਛਕਣ) ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਨਾਮ-ਅਭਿਆਸ ਦ੍ਰਿੜ੍ਹ ਹੋ ਚੁੱਕਾ ਹੋਵੇ, ਉਨ੍ਹਾਂ ਦੇ ਘਟ ਅੰਤਰ ਤਾਂ ਉਸੇ ਦਿਨ ਹੀ ਅਖੰਡ ਚਾਬੀ ਲਗ ਗਈ ਜਾਣੋ। ਉਨ੍ਹਾਂ ਲਈ ਅੰਮ੍ਰਿਤ ਵੇਲੇ ਦੀ ਨਾਮ-ਅਭਿਆਸ-ਕਮਾਈ ਸੋਨੇ ਤੇ ਸੁਹਾਗੇ ਦਾ ਰੰਗ ਦਿੰਦੀ ਹੈ। (ਭਾ: ਸਾ: ਰਣਧੀਰ ਸਿੰਘ ਜੀ)


www.AKJ.Org

# ਸਭਨੀ ਛਾਲਾ ਮਾਰੀਆ

(ਵਲੋਂ ਸਾਰੰਗ ਜੀ, ਕਪੂਰਥਲਾ)

ਮੈਂ ਜੋਸਫ਼ਸ ਕਾਨਰੇਡ ਰਚਿਤ ਨਾਵਲ *'ਲਾਰਡ ਜਿਮ'* ਪੜ੍ਹਿਆ। ਇਸ ਨਾਵਲ ਵਿੱਚਲੇ ਵਿਸ਼ੇਸ਼ ਪਾਤਰ ਜਿਮ ਦੀ ਘਟਨਾ ਸਾਡੇ ਉਤੇ ਠੀਕ ਘਟਦੀ ਹੈ।

੨੦ ਕੁ ਸਾਲਾ ਦਾ ਨੌਜਵਾਨ ਜਿਮ ਸਮੁੰਦਰੀ ਜਹਾਜ਼ ਉਤੇ ਕਪਤਾਨੀ ਕਰ ਰਿਹਾ ਹੈ। ਇਸ ਕੋਰਸ ਵਿੱਚ ਸਿਖਲਾਈ ਲਈ ਕਈ ਕਿਸਮ ਦੇ ਅਭਿਆਸ ਅਤੇ ਮਸ਼ਕਾਂ ਹੁੰਦੀਆਂ ਹਨ।

ਇਕ ਦਿਨ ਸਮੁੰਦਰੀ ਅਭਿਆਸ ਦੀ ਇਕ ਮਸ਼ਕ ਸੀ ਕਿ ਜੇ ਕਿਸੇ ਦੂਜੇ ਜਹਾਜ਼ ਨੂੰ ਖ਼ਤਰਾ ਪੇਸ਼ ਆ ਜਾਵੇ ਅੱਗ ਲਗਣ ਜਾਂ ਕੋਈ ਹੋਰ, ਤਾਂ ਉਸ ਦੀ ਕਿਵੇਂ ਸਹਾਇਤਾ ਕਰਨੀ ਹੈ। ਕਿਸੇ ਜਹਾਜ਼ ਨੂੰ ਖ਼ਤਰੇ ਵਿੱਚ ਵਿਖਾਇਆ ਗਿਆ ਅਤੇ ਟ੍ਰੇਨਿੰਗ ਤੇ ਆਏ ਹੋਏ ਸਾਰੇ ਵਿਦਿਆਰਥੀਆਂ ਨੂੰ ਅਚਾਨਕ ਹੁਕਮ ਹੋਇਆ ਕਿ ਉਹ *'ਜੀਵਨ-ਕਿਸ਼ਤੀਆਂ'* (life-boats) ਵਿੱਚ ਇਕ-ਦਮ ਕੁੱਦ ਜਾਣ ਤੇ ਉਸ ਜਹਾਜ਼ ਦੀ ਹਰ ਤਰ੍ਹਾਂ ਸਹਾਇਤਾ ਕਰਨ। ਸਾਰੇ ਵਿਦਿਆਰਥੀ ਘੜੀ ਦੀ ਘੜੀ ਵਿੱਚ ਛਾਲਾਂ ਮਾਰ ਗਏ, ਪਰ ਜਹਾਜ਼ ਦੇ ਡੈੱਕ ਤੇ ਇਕੋ ਨੌਜਵਾਨ ਬਾਕੀ ਰਹਿ ਗਿਆ ਸੀ ਤੇ ਉਹ ਸੀ ਜਿਮ । ਉਹ ਚਾਹੁੰਦਾ ਹੋਇਆ ਵੀ ਛਾਲ ਨਹੀਂ ਮਾਰ ਸਕਿਆ। ਉਸ ਨੂੰ ਪਤਾ ਸੀ ਕਿ ਉਹ ਟ੍ਰੇਨਿੰਗ ਲਈ ਆਇਆ ਹੋਇਆ ਹੈ ਅਤੇ ਉਸਨੂੰ ਇਹਨਾਂ ਅਭਿਆਸਾਂ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣਾ ਚਾਹੀਦਾ ਹੈ, ਪਰ ਉਸਨੂੰ ਪਤਾ ਨਹੀਂ ਕੀ ਹੋ ਜਾਂਦਾ ਸੀ, ਐਨ ਮੌਕੇ ਤੇ ਉਸ ਦਾ ਅਮੋੜ ਮਨ ਛਾਲ ਨਹੀਂ ਸੀ ਮਾਰ ਸਕਦਾ। ਉਸ ਦਾ ਕਾਮਲ ਉਸਤਾਦ ਉਸਦੇ ਕੋਲ ਆ ਕੇ ਉਸਦੀ ਪਿੱਠ ਤੇ ਹੌਲੀ ਜਿਹੀ ਥਾਪੀ ਦਿੰਦਾ ਤੇ ਕਹਿੰਦਾ, "ਹੱਛਾ, ਫਿਰ ਸਹੀ"। ਉਸ ਨਾਵਲ ਵਿੱਚ ਜਿਮ ਸਾਰੀ ਉਮਰ ਐਨ ਲੋੜ ਸਮੇਂ ਦਿਲ ਛੱਡ ਜਾਂਦਾ ਦਿਖਾਇਆ ਗਿਆ ਹੈ। ਉਹ ਕਦੀ ਹੌਸਲੇ ਵਾਲਾ ਮਨੁੱਖ ਨਹੀਂ ਬਣਿਆ।

ਉਪਰੋਕਤ ਕਹਾਣੀ ਦਾ ਟੂਕ ਮਾਤਰ ਹਵਾਲਾ ਦੇਣ ਤੋਂ ਭਾਵ ਹੈ ਕਿ ਸਾਡੇ ਮਨਾਂ ਅੰਦਰ ਭੀ ਜਿਮ ਵਾਲਾ ਡਰਾਮਾ ਨਿਤ ਵਾਪਰਦਾ ਹੈ। ਸਾਨੂੰ ਪਤਾ ਹੈ ਕਿ ਅਸੀਂ ਇਸ ਸੰਸਾਰ ਦੀ ਜਗਿਆਸਾ ਉਤੇ (Training) ਆਏ ਹਾਂ । ਜੋ ਲੋਗ ਗੁਰੂ ਵਾਲੇ ਨਹੀਂ ਬਣੇ ਉਹ ਅਜੇ ਟ੍ਰੇਨਿੰਗ ਕੋਰਸ ਵਿੱਚ ਸ਼ਾਮਲ ਹੀ ਨਹੀਂ ਹੋਏ। ਪਰ ਮੈਂ ਗੁਰੂ ਵਾਲਿਆਂ ਦੀ ਗੱਲ ਭੀ ਕਰਾਂਗਾ, ਜੋ ਇਸ ਸੰਸਾਰ ਨੂੰ ਟ੍ਰੇਨਿੰਗ (ਜਗਿਆਸਾ) ਸਮਝਦੇ ਹਨ ਅਤੇ ਗੁਰੂ ਨੂੰ ਇਸ ਸੰਸਾਰ-ਸਮੁੰਦਰ ਵਿੱਚ ਗੁਰਮਤਿ ਰੂਪੀ ਜਹਾਜ਼ ਉਤੇ ਜੀਵਨ-ਜਾਚ ਸਿਖਾਣ ਵਾਲਾ ਰਹਿਬਰ। ਇਸ ਟ੍ਰੇਨਿੰਗ ਦੇ ਜਹਾਜ਼ ਵਿੱਚ ਮੇਰੇ ਵਰਗੇ ਅਨੇਕਾਂ ਜਿਮ ਹਨ, ਜੋ ਸਮਾਂ ਆਉਣ ਤੇ ਛਾਲ ਮਾਰਨ ਤੋਂ ਰਹਿ ਜਾਂਦੇ ਹਨ। ਸਾਡੀ ਤਾਂ ਇਹੋ ਅਰਦਾਸ ਹੈ ਕਿ ਪਾਤਸ਼ਾਹ ਸਾਨੂੰ ਆਪ ਬਲ ਬਖਸ਼ਣ ਛਾਲ ਮਾਰ ਕੇ ਤੇਰੇ ਭਰੋਸੇ ਤੈਰਨ ਦਾ।

ਅਜ ਦੀ ਸਭਿਅਤਾ ਵਿੱਚ ਪੜ੍ਹਾਈ ਲਿਖਾਈ ਦਾ ਬੜਾ ਰਿਵਾਜ ਹੈ। ਹਰ ਵਿਅਕਤੀ ਇਹੋ ਜਤਨ ਕਰਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸੰਸਾਰਕ ਤਾਲੀਮ ਦੇਵੇ। ਤਾਲੀਮ ਅਗੋਂ ਇਹੋ ਜਿਹੀ ਮਿਲਦੀ ਹੈ, ਚਾਹੇ ਸੰਸਾਰ ਦੇ ਕਿਸੇ ਕੋਨੇ ਵਿਚ ਪ੍ਰਾਪਤ ਕੀਤੀ ਜਾਏ, ਕਿ ਉਹ ਮਨੁੱਖ ਅੰਦਰ ਸੰਸੇ ਦਾ ਬੀਜ ਬੋ ਛਡਦੀ ਹੈ। ਕੁਝ ਦਿਨ ਹੋਏ, ਮੈਂ ਇਕ ਬਹੁਤ ਪੁਰਾਤਨ ਸਿੱਖ ਵਿਦਵਾਨ ਦੇ ਦਰਸ਼ਨ ਕਰਨ ਗਿਆ। ਜਿਥੇ ਉਨ੍ਹਾਂ ਦੀ ਵਿਦਵਤਾ ਦੀ ਪ੍ਰਸੰਸਾ ਕੀਤੇ ਬਿਨਾਂ ਨਹੀਂ ਰਹਿ ਸਕੀਦਾ ਉਥੇ ਇਹ ਦਸਣੋਂ ਭੀ ਸੰਕੋਚ ਨਹੀਂ ਕਰਾਂਗਾ ਕਿ ਉਸ ਵਿਦਵਾਨ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਬੜੀ ਹੈਰਾਨੀ ਹੋਈ," ਮੈਂ ਭਾਵੇਂ ਕਿਤਨਾ ਭੀ ਪੜ੍ਹਿਆ ਹਾਂ, ਪਰ ਮੈਨੂੰ ਅਜੇ ਇਹ ਸਮਝ ਨਹੀਂ ਆਈ ਕਿ ਉਹ ਇਕ ਸ਼ਬਦ ਕਿਹੜਾ ਹੈ ਜਿਸ ਦੇ ਧਾਰਨ ਕੀਤਿਆਂ ਮਨੁਖ ਬਾਰ ਬਾਰ ਜਨਮ ਮਰਨ ਦੇ ਗੇੜ ਵਿੱਚ ਨਹੀਂ ਪੈਂਦਾ-

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ
ਬਾਹੁੜਿ ਜਨਮਿ ਨ ਆਵਾ॥੧॥

(ਬਿਲਾਵਲ ਮ: ੧,ਪੰਨਾ ੭੯੫)

"ਮੈਂ ਅਜੇ ਤਕ ਸੱਖਣਾ ਹੀ ਰਿਹਾ ਹਾਂ।"

ਗੱਲ ਕੁਝ ਵੀ ਨਹੀਂ, ਸਾਨੂੰ ਇਹ ਪਤਾ ਹੈ ਕਿ *'ਵਾਹਿਗੁਰੂ'* ਗੁਰਮੰਤਰ ਪੰਜਾਂ ਪਿਆਰਿਆਂ ਤੋਂ ਮਿਲਦਾ ਹੈ ਅਤੇ ਇਹੋ ਸ਼ਬਦ ਹੈ ਜੋ ਸਾਰੀ ਜਗਿਆਸਾ ਦਾ ਸਾਰ ਹੈ, ਪਰ ਵਿਚਲੀ ਕਸਰ ਸਾਡੇ ਮਨ ਨੂੰ ਜਿਮ ਵਾਲੀ ਹੈ, ਨਿਸਚਾ ਹੀ ਨਹੀਂ ਬਝਦਾ, ਛਾਲ ਹੀ ਨਹੀਂ ਮਾਰ ਹੁੰਦੀ। ਜ਼ਰਾ ਕਰੜਾ ਭਾਣਾ ਵਰਤਿਆ ਨਹੀਂ ਕਿ ਅਸੀਂ ਝੱਟ ਗੁਰੂ ਤੋਂ ਅਸ਼ਰਧਕ ਹੋ ਜਾਂਦੇ ਹਾਂ। ਸੁਖਣਾ ਸੁਖਦੇ ਹਾਂ, ਹੇ ਸੱਚੇ ਪਾਤਸ਼ਾਹ ਜੀ ! ਜੇ ਅਮਕਾ ਕਾਰਜ ਰਾਸ ਹੋ ਜਾਵੇ ਤਾਂ ਮੈਂ ਅਖੰਡ ਪਾਠ ਕਰਾਵਾਂਗਾ। ਜੇ ਕਿਸੇ ਵੇਲੇ ਉਹ ਰਾਸ ਨਹੀਂ ਆਉਂਦਾ ਤਾਂ ਸਾਡੇ ਮਨ ਅੰਦਰ ਤ੍ਰੇੜਾਂ ਪੈ ਜਾਂਦੀਆਂ ਹਨ। ਗੁਰੂ ਨਾਲ ਸ਼ਰਤਾਂ ਕਦ ਕੇ ਤੁਰਨਾ ਅਜ ਦੀ ਤਾਲੀਮ



www.AKJ.Org

ਦਾ ਕ੍ਰਿਸ਼ਮਾ ਹੈ।

ਪ੍ਰਹਿਲਾਦ ਨੂੰ ਜਿਸ ਵੇਲੇ ਲਾਲ ਗਰਮ ਥੰਮੇ ਨੂੰ ਜੱਫਾ ਮਾਰਨ ਲਈ ਵੰਗਾਰਿਆ ਗਿਆ ਸੀ ਤਾਂ ਉਸ ਨੇ ਛੌਂਰਨ ਗਲਵਕੜੀ ਪਾ ਲਈ ਸੀ, ਕਿਉਂ ਕਿ ਉਸ ਅੰਦਰ ਲਾਡ ਲਡਾਉਣ ਦਾ ਉਮਾਹਾ ਤੇ ਤਾਣ ਸੀ। ਸਿਖ ਇਤਿਹਾਸ ਵਿੱਚ ਸ਼ਹੀਦਾਂ ਸਿੰਘਾਂ ਦੀਆਂ ਲਾਸਾਨੀ ਕੁਰਬਾਨੀਆਂ ਇਸ ਜਗਿਆਸਾ ਦੇ ਅਤਿ ਕਰੜੇ ਇਮਤਿਹਾਨਾਂ ਦੇ ਤੁਲ ਹਨ। ਧੰਨ ਹਨ ਉਹ ਸੂਰਬੀਰ ਜਿਨ੍ਹਾਂ ਸਾਡੇ ਜਿਹੇ ਕੱਚੇ-ਪਿੱਲੇ ਮਨਾਂ ਵਾਲਿਆਂ ਲਈ ਰੌਸ਼ਨ-ਮੀਨਾਰ ਕਾਇਮ ਕੀਤੇ। ਚੜ੍ਹਦੀ ਕਲਾ ਵਿੱਚ ਛਾਲਾਂ ਮਾਰੀਆਂ।

ਭਾਈ ਦੁਨੀ ਚੰਦ ਦੇ ਸਰੀਰ ਦਾ ਜਿੰਨਾਂ ਵਡਾ ਆਕਾਰ ਸੀ, ਉਸ ਨੂੰ ਵੇਖ ਕੇ ਚੋਜੀ ਪ੍ਰੀਤਮ ਜੀ ਨੇ ਅਨੰਦਪੁਰ ਦੇ ਕਿਲ੍ਹੇ ਵਿੱਚ ਹੁਕਮ ਦੇ ਦਿਤਾ ਸੀ ਕਿ ਕਲ੍ਹ ਨੂੰ ਭਾਈ ਦੁਨੀ ਚੰਦ ਮਸਤ ਹਾਥੀ ਦਾ ਮੁਕਾਬਲਾ ਕਰੇਗਾ। ਪਰ ਦੁਨੀ ਚੰਦ ਗੁਰੂ ਨੂੰ ਭਾਉਂਦੀ ਛਾਲ ਤਾਂ ਨਾ ਮਾਰ ਸਕਿਆ, ਹਾਂ ਆਪਣੀ ਮਨ-ਮਰਜ਼ੀ ਦੀ ਛਾਲ ਉਸ ਜ਼ਰੂਰ ਮਾਰੀ ਤੇ ਹੱਡ ਗੋਡੇ ਤੁੜਾ ਬੈਠਾ। ਭਾ: ਬਚਿੱਤਰ ਸਿੰਘ ਨੇ ਜੋ ਛਾਲ ਮਾਰੀ ਉਹ ਉਸ ਨੇ ਗੁਰੂ ਤੋਂ ਥਾਪੀ ਲੈ ਕੇ ਮਾਰੀ। ਕੀ ਕਮਾਲ ਹੈ ! ਇਕ ਛੋਟੇ ਜਿਹੇ ਆਕਾਰ ਦਾ ਭਾ: ਬਚਿਤਰ ਸਿੰਘ ਮਸਤ ਹੋਏ ਹਾਥੀ ਨੂੰ ਜਾ ਪਛਾੜਦਾ ਹੈ। ਇਹੋ ਤਾਂ ਛਾਲ ਮਾਰਨ ਵਾਲਿਆਂ ਦੀ ਕਰਣੀ ਦਾ ਉਹ ਪੱਖ ਹੈ ਜੋ ਮੱਨੁਖੀ ਅਕਲ ਦੀ ਪਹੁੰਚ ਤੋਂ ਪਰੇ ਹੈ। ਭਰੋਸਾ ਸਦਾ ਅਕਲ ਮੁੱਕਣ ਤੋਂ ਬਾਅਦ ਸ਼ੁਰੂ ਹੁੰਦਾ ਹੈ। ਛਾਲ ਭਰੋਸੇ ਬਿਨਾਂ ਨਹੀਂ ਮਾਰੀ ਜਾਂਦੀ। ਸਿਖ ਇਤਿਹਾਸ ਇਹੋ ਜਿਹੀਆਂ ਛਾਲਾਂ ਨਾਲ ਭਰਪੂਰ ਹੈ। ਜੋ ਲੋਗ ਗੁਰੂ ਤੇ ਭਰੋਸਾ ਕਰਕੇ-

ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ।।੧।।

(ਸਿਰੀ ਰਾਗੁ ਮ: ੫ ਘਰੁ ੭, ਪੰਨਾ ੫੧)

ਛਾਲ ਮਾਰ ਦਿੰਦੇ ਹਨ, ਉਹਨਾਂ ਦਾ ਗੁਰੂ ਆਪ ਸਹਾਈ ਹੁੰਦਾ ਹੈ। ਪਰ ਜਿਹੜੇ ਗੁਰੂ ਆਸਰੇ ਨਾ ਹੋ ਕੇ , ਆਪਣੀ ਅਕਲ ਆਸਰੇ, ਛਾਲ ਮਾਰਨ ਤੋਂ ਖੁੰਝ ਜਾਂਦੇ ਹਨ, ਉਨ੍ਹਾਂ ਦੀ ਟ੍ਰੇਨਿੰਗ (ਜਗਿਆਸਾ) ਵਿਚੋਂ ਹੀ ਰਹਿ ਜਾਂਦੀ ਹੈ। ਗੁਰੂ ਦੀ ਮਤਿ ਲੈਣੀ ਤੇ ਆਪਣੀ ਛੱਡਣੀ, ਆਪਣੀ ਸਿਆਣਪ ਛੱਡਣੀ ਬੜੀ ਹੀ ਔਖੀ ਗੱਲ ਹੈ। ਇਸ ਤੋਂ ਬਿਨਾਂ ਛਾਲ ਵੱਜਣੀ ਨਹੀਂ।

ਮਨ ਕੀ ਮਤਿ ਤਿਆਗਹੁ ਹਰਿ ਜਨ
ਏਹਾ ਬਾਤ ਕਠੇਨੀ.... ।।੩।। (੪।।੫)

(ਬਿਲਾਵਲ ਮ: ੪, ਪੰਨਾ ੮੦੦)

ਤੇ ਛਾਲ ਉਹੀ ਬੰਦਾ ਮਾਰ ਸਕਦਾ ਹੈ ਜੋ ਗੁਰੂ ਆਸਰੇ ਹੋ ਕੇ ਛਾਲ ਮਾਰੇ। ਅਕਲ-ਆਸਰੇ ਤਾਂ ਰੁਕ ਰੁਕ ਕਦਮ ਹੀ ਮਸਾਂ ਪੁੱਟ ਹੁੰਦੇ ਹਨ।

ਚਾਲੀ ਮੁਕਤਿਆਂ ਨੇ ਆਪਣੀ ਅਕਲ ਤੋਂ ਕੰਮ ਲਿਆ ਸੀ। ਆਪਣੀ ਅਕਲ ਨਾਲ ਛਾਲ ਮਾਰੀ ਸੀ ਤੇ ਬੇਦਾਵਾ ਲਿਖ ਕੇ ਦੇ ਆਏ ਸਨ। ਪਰ ਜਦੋਂ ਗੁਰੂ-ਭਰੋਸੇ ਮੈਦਾਨੇ-ਜੰਗ ਵਿੱਚ "ਕੁੱਦ" ਪਏ ਤਾਂ ਚੋਜੀ ਪ੍ਰੀਤਮ ਜੀ ਨੇ ਇੱਕ ਇੱਕ ਨੂੰ ਪੁਚਕਾਰ ਪੁਚਕਾਰ ਕੇ "ਇਹ ਮੇਰਾ ਪੰਜ ਹਜ਼ਾਰੀ ਹੈ", "ਇਹ ਮੇਰਾ ਦਸ ਹਜ਼ਾਰੀ ਹੈ", ਇਹੋ ਜਿਹੇ ਖ਼ਿਤਾਬ ਦੇ ਕੇ ਜਗਿਆਸਾ ਸਫਲ ਕੀਤੀ।

ਅਸੀਂ ਸਮਝਦੇ ਹਾਂ ਕਿ ਗੁਰੂ ਦੇ ਭਰੋਸੇ ਛਾਲਾਂ ਮਾਰਨ ਵਾਲੇ ਮੌਤ ਦੇ ਮੂੰਹ ਵਿੱਚ ਜਾਂਦੇ ਹਨ। ਪਰ ਜਿਹੜੇ ਪਿਛੇ ਰਹਿੰਦੇ ਹਨ, ਜਾਂ ਜੋ ਮਨ-ਮਰਜ਼ੀ ਦੀਆਂ ਛਾਲਾਂ ਮਾਰਦੇ ਹਨ, ਕੀ ਉਹ ਨਹੀਂ ਮਰਦੇ ? ਜ਼ਰੂਰ ਮਰਦੇ ਹਨ। ਪਰ ਸੰਸਾਰਕ ਮੌਤੇ। ਗੁਰੂ ਮਹਾਰਾਜ ਜੀ ਨੇ ਠੀਕ ਹੀ ਤਾਂ ਫੁਰਮਾਇਆ ਹੈ-

ਜਗਿ ਮਰਣੁ ਨ ਭਾਇਆ, ਨਿਤ ਆਪੁ ਲੁਕਾਇਆ,
ਮਤ ਜਮੁ ਪਕਰੈ ਲੈ ਜਾਇ ਜੀਉ ।।੨।।

(ਆਸਾ ਮ: ੪,ਪੰਨਾ ੪੪੭)

ਮੌਤ ਨੇ ਤਾਂ ਪਿਛਾ ਨਹੀਂ ਛਡਣਾ, ਚਾਹੇ ਅਸੀਂ ਪਸੰਦ ਕਰੀਏ ਚਾਹੇ ਨਾ। ਮਰਨਾ ਤਾਂ ਪੈਣਾ ਹੀ ਹੈ, ਫਿਰ ਗੁਰੂ ਆਸਰੇ ਕਿਉਂ ਨਾ ਛਾਲ ਮਾਰ ਕੇ ਮਰੀਏ ?

ਪ੍ਰਸ਼ਨ ਉਠਦਾ ਹੈ ਕਿ ਕੀ ਛਾਲ ਮਾਰਨੀ ਜ਼ਰੂਰੀ ਹੈ ? ਇਸ ਨਾਲ ਕੀ ਲਾਭ ਹੁੰਦਾ ਹੈ ? ਅਤੇ ਜੋ ਛਾਲ ਨਹੀਂ ਮਾਰਦੇ ਉਹ ਪਹਿਲਿਆਂ ਨਾਲੋਂ ਕਿਵੇਂ ਘਾਟੇ ਵਿੱਚ ਹਨ ? ਬੇਨਤੀ ਹੈ ਕਿ ਗੁਰੂ ਵਾਲੇ ਬਣਨਾ ਹੀ ਇਕ ਵਡੀ ਛਾਲ ਮਾਰਨ ਦੇ ਬਰਾਬਰ ਹੈ। ਇਹ ਮਨੁੱਖ ਦੀ ਸਭ ਤੋਂ ਪਹਿਲੀ ਛਾਲ ਹੁੰਦੀ ਹੈ। ਜ਼ਰੂਰੀ ਇਸ ਲਈ ਹੈ ਕਿ ਗੁਰੂ ਤੇ ਭਰੋਸਾ ਕਰ ਕੇ ਚਲਣਾ ਕੋਈ ਮਾਮੂਲੀ (Adventure) ਦਲੇਰੀ ਨਹੀਂ, ਗੁਰੂ--ਆਸਰੇ ਤੁਰਨਾ, ਗੁਰੂ ਆਸਰੇ ਜੀਉਣਾ, ਆਪਣੀ ਅਕਲ ਤੇ ਆਪਣੀ ਹਉਮੈ ਨੂੰ ਮਾਰਨਾ, ਇਹ ਦੂਸਰੀ ਵੱਡੀ ਛਾਲ ਹੈ।

ਸਦਾ ਉਸ ਦੇ ਹੁਕਮ-ਰਜ਼ਾ ਵਿੱਚ ਖ਼ੁਸ਼ ਰਹਿਣਾ ਇਹ ਤੀਸਰੀ ਛਾਲ ਹੈ। ਇਹ ਜ਼ਰੂਰੀ ਇਸ ਲਈ ਹਨ, ਕਿ ਜੇ ਅਸਾਂ ਜਗਿਆਸਾ ਦਾ ਕੋਰਸ ਕਰਨਾ ਹੈ ਤਾਂ ਫਿਰ ਇਹ ਸਾਰੀਆਂ ਛਾਲਾਂ ਲਾਜ਼ਮੀ ਹਨ। ਤੇ ਜੇ ਕੋਰਸ ਨਹੀਂ ਕਰਨਾ ਤਾਂ ਅਜੇ ਚੌਰਾਸੀ ਦਾ ਕੋਰਸ ਹੀ ਸਹੀ।

ਕੋਈ ਇਹ ਸਵਾਲ ਪੁਛਦਾ ਹੈ ਕਿ ਆਖ਼ਰ ਗੁਰੂ-



www.AKJ.Org

ਆਸਰੇ ਛਾਲਾਂ ਮਾਰਨ ਦਾ ਕੋਈ ਲਾਭ ਭੀ ਹੈ ? ਹਾਂ ਇਕ ਨਹੀਂ, ਬਹੁਤ ਲਾਭ ਹਨ । ਸਭ ਤੋਂ ਵੱਡਾ ਲਾਭ ਇਹੋ ਹੀ ਹੈ ਕਿ ਮਨੁੱਖ-ਡੱਡੂ ਖੂਹ ਦੀ ਕੈਦ ਤੋਂ ਆਜ਼ਾਦ ਹੋ ਕੇ ਅਨੰਤ ਦੇ *'ਅਨੰਤ-ਤਰੰਗੀ ਸਾਗਰ'* ਵਿੱਚ ਛਾਲ ਮਾਰ ਦਿੰਦਾ ਹੈ ਤੇ ਡੁਬਦਾ ਫਿਰ ਭੀ ਨਹੀਂ। ਉਸ ਨੂੰ *'ਅਨੰਤ ਸਾਗਰ'* ਵਿੱਚ ਤੈਰਨਾ ਆ ਜਾਂਦਾ ਹੈ। ਤੈਰਨਾ ਗੁਰੂ ਸਿਖਾਂਦਾ ਹੈ।

ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ
ਖੇਵਟੁ ਗੁਰ ਸਬਦਿ ਤਰਹੁ ।।੧।। (੪।।੪

(ਬਿਲਾਵਲੁ ਮ: ੪, ਪੰਨਾ ੭੯੯)

ਦੂਜੀ ਵੱਡੀ ਗੱਲ ਇਹ ਹੈ ਕਿ ਡੱਡੂ ਦਾ ਖੂਹ *'ਖੂਹ'* ਹੀ ਹੈ, ਪਰ ਸਾਗਰ *'ਸਾਗਰ'* ਹੈ, ਫ਼ਰਕ ਤਾਂ ਛਾਲ ਮਾਰਿਆਂ ਹੀ ਪਤਾ ਲਗਣਾ ਹੈ। ਫਿਰ, ਜੋ ਮਨੁੱਖ ਸਰੀਰਕ ਕਸਰਤ ਨਹੀਂ ਕਰਦੇ ਉਨ੍ਹਾਂ ਦਾ ਸਰੀਰ ਬੇ-ਢੱਬਾ, ਮਾੜਾ ਅਤੇ ਬੀਮਾਰੀ ਦਾ ਘਰ ਹੋ ਜਾਂਦਾ ਹੈ। ਇਹੋ ਦਸ਼ਾ ਮਨ ਦੀ ਹੈ, ਜੇ ਮਨ ਛਾਲਾਂ ਨਹੀਂ ਮਾਰਦਾ, ਤਾਂ ਨਾ ਉਸ ਵਿੱਚ ਕੁਦਣ ਦਾ ਚਾਉ ਪੈਦਾ ਹੁੰਦਾ ਹੈ, ਨਾ ਉਹ ਮਨ ਬਲਵਾਨ ਹੋ ਕੇ , ਪੰਜ ਵੱਡੇ ਠੱਗਾਂ ਦਾ ਮੁਕਾਬਲਾ ਕਰਨ ਦੀ ਕਦੀ ਹਿੰਮਤ ਕਰਦਾ ਹੈ। ਬਿਨਾਂ ਛਾਲਾਂ ਮਾਰਨ ਦੇ ਉਹ ਮੂਰਛਤ ਜਿਹੀ ਅਵਸਥਾ ਵਿਚ ਬੜਾ ਮਾੜੂ ਜਿਹਾ ਹੋਇਆ ਹੋਇਆ, ਕਦੇ ਰੱਬ ਨੂੰ ,ਕਦੇ ਗੁਰੂ ਨੂੰ ਗਿਲੇ ਉਲਾਂਭੇ ਜਿਹੇ ਦੇ ਈ ਜਾਏਗਾ। ਪਰ ਗੁਰੂ ਤੋਂ ਸੁਸਿਖਿਅਤ ਹੋਇਆ ਮਨ ਮਸਤ ਹੋ ਕੇ ਗਾਂਉਂਦਾ ਫਿਰਦਾ ਹੈ-

ਜਨ ਕਉ ਪ੍ਰਭ ਅਪਨੇ ਕਾ ਤਾਣੁ।।
ਜੋ ਤੂ ਕਰਹਿ ਕਰਾਵਹਿ ਸੁਆਮੀ
ਸਾ ਮਸਲਤਿ ਪਰਵਾਣੁ।।ਰਹਾਉ।।

(ਧਨਾਸਰੀ ਮ: ੫,ਪੰਨਾ ੬੭੭)

ਜਿਨ੍ਹਾਂ ਗੁਰੂ ਕੇ ਪਿਆਰਿਆਂ ਨੇ, ਗੁਰੂ ਦੇ ਬਣ ਕੇ ਭਵ-ਸਾਗਰ ਵਿਚ ਛਾਲਾਂ ਮਾਰ ਦਿੱਤੀਆਂ, ਉਹ ਗੁਰੂ-ਆਸਰੇ ਪਾਰ ਹੋ ਗਏ। ਮੇਰੇ ਵਰਗੇ, ਨਿਤਾਣੇ, ਵਹਿਮੀ, ਸੰਸਾ ਕਰਨ ਵਾਲੇ, ਪੜ੍ਹੇ ਲਿਖੇ, ਸਿਆਣਪਾਂ ਖਾਧੇ,ਭਵ-ਸਾਗਰ ਦੀਆਂ ਜ਼ਬਰਦਸਤ ਲਹਿਰਾਂ ਨੂੰ ਕਿਨਾਰੇ ਬੈਠੇ ਹੀ ਦੇਖ ਰਹੇ ਹਨ, ਛਾਲਾਂ ਮਾਰਨ ਦਾ ਹੀਆ ਹੀ ਨਹੀਂ ਪੈਂਦਾ। ਕਿਨਾਰੇ ਤੇ ਬੈਠੇ ਬੈਠੇ ਹੀ ਭਵ-ਸਾਗਰ ਦੀਆਂ ਪ੍ਰਚੰਡ ਲਹਿਰਾਂ ਨੇ ਕਈ ਵਾਰੀ ਸਾਨੂੰ ਜ਼ਖ਼ਮੀ ਕੀਤਾ ਹੈ। ਅਸੀਂ ਕਈ ਵਾਰੀ ਲਹਿਰਾਂ ਤੇ ਨਾਰਾਜ਼ ਭੀ ਹੋਏ ਹਾਂ। ਰੱਬ ਨੂੰ ਭੀ ਕੋਸਿਆ ਹੈ। ਪਰ ਕਮਜ਼ੋਰ ਹੋਣ ਕਰਕੇ ਛਾਲ ਨਹੀਂ ਮਾਰ ਸਕੇ। ਬੈਠੇ ਹਾਂ, ਕਦੀ ਕੋਈ ਪਾਰ ਲੰਘਾਏ !

ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ।।
ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰਿ ਵਾਸੁ।।੩।।

(ਵਡਹੰਸ ਮ: ੧,ਪੰਨਾ ੫੫੭)

ਦੂਜੇ ਪਾਸਿਓਂ ਲਹਿਰਾਂ ਇਹ ਸੁਨੇਹਾ ਲਿਆ ਲਿਆ ਕਹਿੰਦੀਆਂ ਹਨ। ਆਵਾਜ਼ ਭੀ ਕੰਨੀ ਪੈਂਦੀ ਹੈ, ਪਰ ਪੜ੍ਹ ਪੜ੍ਹ ਕੇ ਕੜ ਚੁਕੇ ਹਾਂ। ਹੌਂਸਲਾ ਨਹੀਂ ਪੈਂਦਾ। ਬਾਣੀ ਦੀ ਆਵਾਜ਼ ਸੁਣੀਂਦੀ ਹੈ-

ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ।।
ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ।।
ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ।।
ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ।।
ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ।।
ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ।।੧।।

(ਵਡਹੰਸ ਮ: ੫ ਛੰਤ, ਪੰਨਾ ੫੭੭)

ਸਚ ਮੁਚ ਸਾਡੀ ਹਾਲਤ ਭੀ ਉਹੋ ਜਿਹੀ ਜਾਪਦੀ ਹੈ ਜਿਵੇਂ ਲੇਖ ਦੇ ਆਰੰਭ ਵਿਚ 'ਜਿਮ' ਦੀ ਸੀ । ਅਸੀਂ ਸਾਰੀ ਉਮਰ ਡਰੂ ਜਿਹੇ ਬਣ ਕੇ ਮਰੂ ਮਰੂ ਕਰਦੇ ਰਹਿਣਾ ਹੈ। ਗੁਣਵੰਤੀਆਂ ਨੇ ਸਹੁ ਪਾ ਲੈਣਾ ਹੈ, ਅਸੀਂ ਕੂਕਦਿਆਂ ਹੀ ਵਿਹਾ ਦੇਣੀ ਹੈ।

ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ।।
ਮੈ ਤਨਿ ਅਵਗਣ ਏਤੜੇ ਖਸਮੁ ਨ ਫੇਰੇ ਚਿਤੁ ।।੩।।(੧੫)

(ਮ: ੧, ਵਾਰ ਸੂਹੀ, ਪੰਨਾ ੭੯੦)

## 'ਯਾਰੜੇ ਦਾ ਹੋਲੜਾ ਅਨੰਦਪੁਰ ਮਨਾਈਏ ਚਲ'

(ਵਲੋਂ- ਗਿ: ਗੋਪਾਲ ਸਿੰਘ ਜੀ *'ਮਿਤਰ'*)

ਗੁਰਸਿਖਾ ਤਿਆਰ ਹੋ ਕੇ ਕਰ ਲੈ ਕਮਰਕਸੇ,
ਪਾਇ ਕੇ ਵਹੀਰ ਅਗੇ ਕਦਮ ਵਧਾਈਏ ਚਲ!
ਲਗੇ ਜਿਥੇ ਜਿਥੇ ਪਾਵਨ ਚਰਨ ਕਲਗੀ ਵਾਲੜੇ ਦੇ
ਚੁੰਮ ਚੁੰਮ ਖ਼ਾਕ ਮਥੇ ਉਤੇ ਲਾਂਦੇ ਜਾਈਏ ਚਲ!
ਹੋ ਰਿਹੈ ਇਕੱਠ ਸੋਹਣੀ ਪਿਆਰ ਭਰੀ ਧਰਤ ਉਤੇ,
ਦੀਦਾਰ ਪੰਥ ਖ਼ਾਲਸੇ ਦਾ ਸੋਹਣਾ ਰਜ ਪਾਈਏ ਚਲ!
ਰਿਦੇ ਲੈ ਉਮਾਹ ਉਤਸ਼ਾਹ, ਸੰਗਤਾਂ ਆਉਣਾ ਏ
ਹੋ ਸਕੇ ਤੇ ਕਾਰ-ਸੇਵਾ ਹਥੀ ਕੁਝ ਕਮਾਈਏ ਚਲ!
ਅੰਮ੍ਰਿਤ ਦੀ ਦਾਤ ਦੇ ਕੇ ਨੀਚਹੁੰ ਊਚ ਕਰਨ ਵਾਲੇ,
ਸੋਢੀ ਸੁਲਤਾਨ ਦਾ ਅਸਥਾਨ ਪਰਸ ਆਈਏ ਚਲ!
ਦਿਸੇਗਾ ਉਹ ਸੋਹਣਾ ਪੰਥ ਰੂਪ ਵਿਚ 'ਮਿਤਰ'
ਯਾਰੜੇ ਦਾ ਹੋਲੜਾ ਅਨੰਦਪੁਰ ਮਨਾਈਏ ਚਲ!



www.AKJ.Org

# ਧਰਮਸਾਲ

(ਵਲੋਂ- ਪ੍ਰਿੰਸੀਪਲ ਹਰਿਭਜਨ ਸਿੰਘ ਜੀ)

ਸਤਿਗੁਰੂ ਨਾਨਕ ਦੇਵ ਜੀ ਨੇ ਜੀਵਾਂ ਦੇ ਸੁਖ, ਸ਼ਾਂਤੀ ਤੇ ਕਲਿਆਣ ਲਈ *'ਸਗਲੀ ਚਿੰਤ'* ਮਿੱਟਾ ਦੇਣ ਵਾਲੀ *'ਧੁਰ ਕੀ ਬਾਣੀ'* ਰਚੀ। ਇਸ ਬਾਣੀ ਦੇ ਪਠਨ ਪਾਠ ਤੇ ਵੀਚਾਰ ਲਈ ਸੰਗਤਾਂ ਕਾਇਮ ਕੀਤੀਆਂ। ਇਨ੍ਹਾਂ ਸੰਗਤਾਂ ਦੇ ਮਿਲ ਬੈਠਣ ਲਈ ਕਿਸੇ ਸਾਂਝੇ ਅਸਥਾਨ ਦੀ ਲੋੜ ਪਈ, ਜਿਸ ਨੂੰ ਧਰਮਸਾਲ ਅਥਵਾ ਗੁਰਦੁਆਰੇ ਦੀ ਸੰਗਿਆ ਦਿਤੀ ਗਈ।

ਸੋ, ਇਸ ਤਰ੍ਹਾਂ ਗੁਰਬਾਣੀ, ਸੰਗਤਿ ਤੇ ਧਰਮ-ਸਾਲ (ਗੁਰਦੁਆਰਾ) ਆਪੋ ਵਿਚ ਦੀ ਅਨਿਖੜਵੀਆਂ ਵਸਤਾਂ ਹਨ ਅਤੇ ਇਨ੍ਹਾਂ ਦੀ ਸਹੀ ਵਰਤੋਂ ਵਿਹਾਰ ਵਿਚ ਹੀ ਸਿਖ ਅਥਵਾ ਪ੍ਰਾਣੀ ਮਾਤ੍ਰ ਦੀ ਕਲਿਆਣ ਦਾ ਭੇਦ ਲੁਕਿਆ ਪਿਆ ਹੈ।

ਸਾਡੀ ਅਗਵਾਈ ਲਈ ਗੁਰਬਾਣੀ ਤਾਂ ਅਜ ਵੀ ਓਹੋ ਹੀ ਹੈ ਜੋ ਸਤਿਗੁਰਾਂ ਦੇ ਵੇਲੇ ਸਿਖਾਂ ਨੂੰ ਸੰਗਤਿ ਅਤੇ ਧਰਮਸਾਲ ਵਿਚ ਵੀਚਾਰਨ ਤੇ ਅਮਲਾਉਣ ਲਈ ਪ੍ਰਾਪਤ ਸੀ, ਗੁਰਦੁਆਰੇ ਵੀ ਬੇਸ਼ੁਮਾਰ ਹਨ ਅਤੇ 'ਘਰ ਘਰ ਅੰਦਰ ਧਰਮਸਾਲ ਹੋਵੇ ਕੀਰਤਨ ਸਦਾ ਵਸੋਆ' ਵਾਲੀ ਪੇਸ਼ੀਨਗੋਈ ਵੀ ਸੱਚ ਹੋਈ ਦਿਸ ਰਹੀ ਹੈ, ਬੇ ਅੰਤ ਸੰਗਤਾਂ ਵੀ ਦਿਨ ਰਾਤ ਇਨ੍ਹਾਂ ਧਰਮ-ਅਸਥਾਨਾਂ ਵਿਚ ਜੁੜਦੀਆਂ ਹਨ, ਪ੍ਰੰਤੂ ਸਿੱਟਾ ਓਹ ਨਹੀਂ ਨਿਕਲ ਰਿਹਾ ਜੋ ਇਨ੍ਹਾਂ ਤਿੰਨਾਂ ਅਮੁੱਲ ਵਸਤਾਂ ਦੇ ਮੇਲ ਨਾਲ ਨਿਕਲਣਾ ਚਾਹੀਦਾ ਹੈ।

ਇਹ ਅਵਸਥਾ ਅਤੀ ਚਿੰਤਾਜਨਕ ਹੈ। ਪੂਰੀ ਗੰਭੀਰਤਾ ਨਾਲ ਵੀਚਾਰਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰਬਾਣੀ, ਸੰਗਤਿ ਤੇ ਧਰਮਸਾਲ ਤਿੰਨਾਂ ਦੇ ਮੇਲ ਤੋਂ ਜੋ ਪੂਰਨ-ਮਨੁੱਖ (ਖ਼ਾਲਸੇ) ਦੀ ਘਾੜਤ ਨਹੀਂ ਘੜੀਂਦੀ ਤਾਂ ਕਸਰ ਸੰਗਤਿ ਦੀ ਮਾਨਸਕ ਅਵਸਥਾ ਜਾਂ ਧਰਮਸਾਲ ਦੀ ਮਰਯਾਦਾ ਰੀਤੀ ਤੇ ਵਾਤਾਵਰਨ ਵਿਚ ਹੀ ਹੋ ਸਕਦੀ ਹੈ, ਗੁਰਬਾਣੀ ਤਾਂ ਸਦਾ ਨਵੀਂ ਤੇ ਨਿਰਮਲ ਰਹਿਣ ਵਾਲੀ ਇਕ ਸਦੀਵੀ ਸਚਾਈ ਹੈ। ਇਹ ਸਾਗਰ ਰੂਪੀ ਖ਼ਜਾਨਾ ਤਾਂ ਸਤਿਗੁਰਾਂ ਵੇਲੇ ਵੀ ਰਤਨੀ-ਭਰਪੂਰ ਸੀ, ਅਜ ਵੀ ਹੈ ਤੇ ਅਗੋਂ ਵੀ ਸਦਾ ਲਈ ਭਰਪੂਰ ਰਹੇਗਾ। ਸੰਗਤਿ ਬਾਰੇ ਗੁਰਦੇਵ ਜੀ ਫ਼ੁਰਮਾਉਂਦੇ ਹਨ :-

ਸਤਿਸੰਗਤਿ ਕੈਸੀ ਜਾਣੀਐ।।
ਜਿਥੈ ਏਕੋ ਨਾਮੁ ਵਖਾਣੀਐ।।
ਏਕੋ ਨਾਮੁ ਹੁਕਮੁ ਹੈ,
ਨਾਨਕ ਸਤਿਗੁਰਿ ਦੀਆ ਬੁਝਾਇ ਜੀਉ।।

(ਸਿਰੀਰਾਗੁ ਮ: ੧, ਪੰਨਾ ੭੨)

ਕਿਤਨੀ ਖ਼ੂਬਸੂਰਤੀ, ਸਪੱਸ਼ਟਤਾ ਤੇ ਸੰਖੇਪਤਾ ਵਿਚ ਸਾਡੀ ਅਗਵਾਈ ਕੀਤੀ ਗਈ ਹੈ। ਸਤਿਸੰਗਤਿ ਉਹ ਹੈ ਜਿਥੇ ਕੇਵਲ ਨਾਮ ਦਾ ਚਰਚਾ ਹੋਵੇ। ਇਕੋ 'ਨਾਮ' ਹੀ ਹੁਕਮ ਹੈ। ਇਸ ਹੁਕਮ ਦੀ ਸਮਝ ਕਿਥੋਂ ਪੈਂਦੀ ਹੈ ? ਸਤਿਗੁਰੂ ਤੋਂ। ਸਤਿਗੁਰੂ ਕੌਣ ਹੈ ? ਉੱਤਰ ਹੈ :-

ਬਾਣੀ ਗੁਰੂ, ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤ ਸਾਰੇ।।
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ।।

(ਨਟ ਮ: ੪, ਪੰਨਾ ੬੮੨)

ਤਾਂ ਤੇ ਸਪੱਸ਼ਟ ਹੈ ਕਿ ਗੁਰਬਾਣੀ ਤੇ ਸੰਗਤਿ ਦੇ ਮੇਲ ਨਾਲ ਹੀ 'ਸਤਿ ਸੰਗਤਿ' ਬਣਦੀ ਹੈ। ਅਜਿਹੀ ਸਤਿ ਸੰਗਤਿ ਦੇ ਮਿਲ ਬੈਠਣ, ਤੇ ਜਲੰਦੇ ਜਗਤ ਨੂੰ ਉਭਾਰਨ ਲਈ ਹੀ ਸਤਿਗੁਰਾਂ ਨੇ ਸੱਚ ਦੀ ਧਰਮਸਾਲ ਬੱਧੀ ਸੀ। ਆਪ ਫ਼ੁਰਮਾਉਂਦੇ ਹਨ :-

ਮੈ ਬਧੀ ਸਚੁ ਧਰਮਸਾਲ ਹੈ।।
ਗੁਰਸਿਖਾ ਲਹਦਾ ਭਾਲਿ ਕੈ।।
ਪੈਰ ਧੋਵਾ ਪਖਾ ਫੇਰਦਾ,
ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।।

(ਸਿਰੀਰਾਗੁ ਮ: ੫, ਪੰਨਾ ੭੩)

ਤਥਾ

ਮੋਹਿ ਨਿਰਗੁਣ ਦਿਚੈ ਥਾਉ, ਸੰਤ ਧਰਮਸਾਲੀਐ।।

(ਗੂਜਰੀ ਮ: ੫, ਪੰਨਾ ੫੧੮)

ਧਰਮ-ਸਾਲ ਵਿਚ ਹਾਜ਼ਰ ਹੋ ਕੇ ਸਾਨੂੰ ਕੀ ਕਰਨਾ ਲੋੜੀਏ, ਇਸ ਬਾਰੇ ਪੰਜਵੇਂ ਗੁਰਦੇਵ ਫ਼ੁਰਮਾਉਂਦੇ ਹਨ :-

ਗੁਰ ਦੁਆਰੈ ਹਰਿ ਕੀਰਤਨੁ ਸੁਣੀਐ।।
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ।।
ਕਲਿ ਕਲੇਸ ਮਿਟਾਏ ਸਤਿਗੁਰੁ,
ਹਰਿ ਦਰਗਹਿ ਦੇਵੈ ਮਾਨਾਂ ਹੇ।।

(ਮਾਰੂ ਮ: ੫, ਪੰਨਾ ੧੦੭੫)

ਗੁਰਦੁਆਰੇ ਵਿਚ ਹਾਜ਼ਰ ਹੋ ਕੇ ਅਸੀਂ ਨਾ ਮਨ ਚਿਤ ਲਾ ਕੇ ਕੀਰਤਨ ਸੁਣਦੇ ਹਾਂ ਅਤੇ ਨਾ ਹੀ ਆਪ ਸਤਿਗੁਰੂ ਦਾ ਜਸ ਉਚਰਦੇ ਹਾਂ। ਫੇਰ ਇਸ ਵਿਚ ਕੀ



www.AKJ.Org

ਅਚੰਭਾ ਹੈ ਕਿ ਸਾਡੇ ਕਲ-ਕਲੇਸ ਨਹੀਂ ਮਿਟਦੇ। ਭਟਕਣਾ ਮਿਟਣ ਦੀ ਥਾਂ ਵਧਦੀ ਤੇ ਸਾਡੇ 'ਮਨ ਖੋਟੇ ਤਨ ਚੋਰ' ਹੋਣ ਕਰਕੇ ਸਗੋਂ ਹੋਰ ਬੱਜਰ ਪਾਪ ਸਾਨੂੰ ਆ ਚੰਬੜਦੇ ਹਨ।

ਗੁਰਦੁਆਰੇ ਵਿਚ ਹਾਜ਼ਰ ਹੋ ਕੇ ਤਾਂ ਕੀ, ਗੁਰਦੁਆਰੇ ਦਾ ਧਿਆਨ ਧਰਦਿਆਂ ਹੀ ਸਿਖ ਦਾ ਮਨ *'ਉਨਮਨ'* ਅਵਸਥਾ ਵਿਚ ਆ ਜਾਣਾ ਚਾਹੀਦਾ ਹੈ। ਰਸਤੇ ਵਿਚ ਕੇਵਲ ਗੁਰੂ ਦਾ ਹੀ ਧਿਆਨ ਹੋਵੇ। ਭਾਈ ਦਯਾ ਸਿੰਘ ਜੀ ਰਹਿਤਨਾਮੇ ਵਿਚ ਲਿਖਦੇ ਹਨ :-

'ਗੁਰਦੁਆਰੇ ਜਾਵੇ, ਮਾਰਗ ਮੈ ਬ੍ਰਹਮ-ਚਰਯ ਧਾਰੇ।'

*ਮਾਰਗ'* ਵਿਚ ਬ੍ਰਹਮ-ਚਰਯ ਧਾਰਨਾ ਤਾਂ ਇਕ ਅਤਿ ਉਚੇਰੀ ਅਵਸਥਾ ਦਾ ਲਖਾਇਕ ਹੈ, ਜੇ ਕਿਤੇ ਗੁਰਦੁਆਰੇ ਹਾਜ਼ਰ ਹੋ ਕੇ ਵੀ ਮਨ ਵਿਕਾਰਾਂ ਤੇ 'ਪਰ ਤ੍ਰਿਆ ਰੂਪ' ਤੋਂ ਬਚਿਆ ਰਹੇ ਤਾਂ ਵੀ ਧੰਨ ਭਾਗ ਹਨ। ਇਹੀ ਨਹੀਂ, ਜੇ ਧਰਮਸਾਲ ਦੇ ਸੇਵਕਾਂ, ਗ੍ਰੰਥੀਆਂ ਤੇ ਪ੍ਰਬੰਧਕਾਂ ਦੀ ਅਵਸਥਾ ਹੀ ਗੁਰਦੁਆਰੇ ਦੀ ਸੇਵਾ ਵਿਚ ਹਾਜ਼ਰ ਰਹਿਣ ਦੇ ਸੁਭਾਗ ਕਰਕੇ ਜੱਤ ਸੱਤ ਤੇ ਸੇਵਾ ਭਾਵ ਵਾਲੀ ਹੋ ਜਾਵੇ ਤਾਂ ਵੀ ਸਮਝੋ ਕਿ ਗੁਰ-ਅਸਥਾਨ ਆਪਣਾ ਮਨੋਰਥ ਨਿਭਾ ਰਹੇ ਹਨ। ਪ੍ਰੰਤੂ ਜੇ ਕੁਫ਼ਰ ਕਾਬੇ ਵਿਚੋਂ ਹੀ ਸਿਰ ਚੁਕੇ ਤਾਂ ਮੁਸਲਮਾਨੀ ਕਿਤਨੇ ਕੁ ਦਿਨਾਂ ਦੀ ਪ੍ਰਾਹੁਣੀ ਸਮਝੀ ਜਾਵੇਗੀ ?

ਇਹ ਵੀ ਕੋਈ ਅਤਿ-ਕਥਨੀ ਵਾਲੀ ਗੱਲ ਨਹੀਂ ਹੋਵੇਗੀ ਕਿ ਸਰਲ ਤੇ ਸਾਦਾ-ਸੁਭਾਵ ਸ਼ਰਧਾਲੂ ਜਨਤਾ ਵਿਚ ਤਾਂ ਧਰਮ-ਭਾਵ ਹਨ, ਪ੍ਰੰਤੂ ਜੋ ਖ਼ਤਰਨਾਕ ਘਾਟ ਆ ਵਾਪਰੀ ਹੈ ਉਹ ਹੈ ਗੁਰਦੁਆਰੇ ਦੇ ਸੇਵਕਾਂ ਤੇ ਪ੍ਰਬੰਧਕਾਂ ਵਿਚ। ਉਨ੍ਹਾਂ ਦੀ ਅਵਸਥਾ ਤਾਂ *'ਜਿਤਨਾ ਗਿਰਜੇ ਤੋਂ ਨੇੜੇ ਉਤਨਾ ਖ਼ੁਦਾ ਤੋਂ ਦੂਰ'* ਵਾਲੀ ਹੁੰਦੀ ਜਾ ਰਹੀ ਹੈ। ਪਿਛੇ ਜਿਹੇ ਅਜਿਹੇ ਗੁਰਦੁਆਰੀਏ ਸੇਵਕਾਂ ਦੇ ਇਕ ਇਕੱਠ ਵਿਚ ਕੌਮ ਦੇ ਇਕ ਸੁਹਿਰਦ ਤੇ ਦਰਦ ਰਖਣ ਵਾਲੀ ਪੂਜਯ ਵਿਅਕੱਤੀ ਨੇ ਦੁਖੀ ਦਿਲ ਨਾਲ ਕੁਝ ਇਸ ਭਾਵ ਦ ਸ਼ਬਦ ਕਹੇ ਸਨ ਜੋ ਅਜ ਵੀ ਕੰਨਾਂ ਵਿਚ ਉਸੇ ਤਰ੍ਹਾਂ ਗੂੰਜ ਰਹੇ ਹਨ, "ਗੁਰਦੁਆਰਿਆਂ ਦੇ ਸੇਵਕਾਂ ਤੇ ਪ੍ਰਬੰਧਕਾਂ ਦੇ ਜੀਵਨ ਨੇ, ਵਰਤੋਂ-ਵਿਹਾਰ ਨੇ ਤੇ ਪ੍ਰਬੰਧ-ਦਾਰੋਂ ਨੇ ਗੁਰ-ਅਸਥਾਨਾਂ ਦਾ ਵਾਤਾ-ਵਰਨ ਹੀ ਕੁਝ ਅਜਿਹਾ ਕਰ ਛਡਿਆ ਹੈ ਕਿ ਜੋ ਸਰਲ ਆਤਮਾ ਵਾਲਾ ਗੁਰਸਿਖ ਇਥੇ (ਮੁਲਾਜ਼ਮਤ) ਵਿਚ ਆ ਲਗਦਾ ਹੈ ਉਹ ਬਹੁਤ ਕਰਕੇ ਛੇ ਕੁ ਮਹੀਨੇ ਪਿਛੋਂ ਪ੍ਰਭੂ-ਵਿਸ਼ਵਾਸ ਤੇ ਆਸਤਕਤਾ ਵਿਚ ਵਧੇਰੇ ਪਰਪੱਕ ਹੋਣ ਦੀ ਥਾਂ, ਉਲਟਾ ਇਸ ਨੂੰ ਅੰਦਰੋਂ ਗਵਾ ਬੈਠਦਾ ਹੈ। ਉਸ ਦੇ ਮਨ ਵਿਚੋਂ ਸਹਿਜੇ ਸਹਿਜੇ ਪ੍ਰਭੂ ਦੇ ਨਿਰਮਲ ਭਉ, ਵਿਸ਼ਵਾਸ ਤੇ ਆਸਤਕਤਾ ਦਾ ਅਭਾਵ ਹੁੰਦਾ ਜਾਂਦਾ ਹੈ। ਨਹੀਂ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ, ਜਾਗਤੀ ਜੋਤ ਦਾ ਸੇਵਕ ਰਾਤ-ਦਿਨ ਗੁਰ-ਸੇਵਾ ਵਿਚ ਰਹਿੰਦਾ ਹੋਇਆ ਅਜਿਹੇ ਪਾਪ ਕਰਨ ਦਾ ਭਾਗੀ ਹੋਵੇ, ਜਿਨ੍ਹਾਂ ਤੋਂ ਸਧਾਰਨ ਮਨੁੱਖ ਵੀ ਲੱਜਾ ਕਰਦਾ ਹੈ। ਅਜਿਹੇ ਸੇਵਕ ਦੀ ਆਚਰਣਕ ਗਿਰਾਵਟ ਹਜ਼ਾਰਾਂ ਲੋਕਾਂ ਦੇ ਦਿਲਾਂ ਚੋਂ ਆਸਤਕਤਾ ਦਾ ਅਭਾਵ ਕਰਨ ਦਾ ਕਾਰਨ ਬਣਦੀ ਹੈ। ਇਸ ਲਈ ਉਸ ਦੀ ਜ਼ਿੰਮੇਵਾਰੀ ਆਪਣੇ ਤੇ ਜਨਤਾ ਲਈ ਮਹਾਨ ਹੈ।"

ਐ ਗੁਰ-ਅਸਥਾਨ ਦੇ ਸੇਵਕ ਤੇ ਸਿਖ ! ਬਾਹਰ ਵਿਕਾਰਾਂ ਨਾਲ ਵੇਹੜੇ ਮਨ ਨੂੰ ਹਟਕਣ ਲਈ ਤਾਂ ਗੁਰੂ-ਦੁਆਰੇ ਦਾ ਆਸਰਾ ਲਿਆ ਜਾਂਦਾ ਹੈ, ਪ੍ਰੰਤੂ ਜੇ ਉਥੇ ਵੀ ਵਿਕਾਰ ਤੇਰਾ ਪਿਛਾ ਨਾ ਛਡਣ ਤਾਂ ਫੇਰ ਹੋਰ ਕਿਹੜਾ ਦਰਵਾਜ਼ਾ ਹੈ ਜਿਸ ਨੂੰ ਖੜਕਾਇਆ ਜਾ ਸਕੇਗਾ ? ਵੇਖ, ਭਾਈ ਗੁਰਦਾਸ ਜੀ ਕਿਤਨੀ ਖ਼ੂਬਸੂਰਤੀ ਨਾਲ ਤੈਨੂੰ ਇਹ ਸੱਚਾਈ ਨਿਸਚੇ ਕਰਵਾਉਣ ਦਾ ਉਪਕਾਰ ਕਰਦੇ ਹਨ :-

ਬਾਹਰ ਕੀ ਅਗਨਿ ਬੁਝਤ ਜਲ ਸਰਿਤਾ ਕੈ,
ਨਾਉ ਮੈਂ ਜੋ ਆਗ ਲਗੈ, ਕੈਸੇ ਕੈ ਬੁਝਾਈਐ।
ਬਾਹਰ ਸੈ ਭਾਗ ਓਟ ਲੀਜੀਅਤ ਕੋਟ ਗੜ੍ਹ
ਗੜ੍ਹ ਮੈ ਜੌ ਲੂਟ ਲੀਜੈ, ਕਹੋ ਕਤ ਜਾਈਐ।
ਚੌਰਨ ਕੇ ਤ੍ਰਾਸ ਜਾਇ, ਸ਼ਰਨ ਗਹੇ ਨਰਿੰਦ,
ਮਾਰੇ ਹੀਪਤਿ, ਜੀਉ ਕੈਸੇ ਕੈ ਬਚਾਈਐ।
ਮਾਯਾ ਡਰ ਡਰਪਤ, ਹਾਰ ਗੁਰਦੁਆਰੇ ਜਾਵੈ,
ਤਹਾਂ ਜੋ ਮਾਯਾ ਬਿਆਪੈ, ਕਹਾਂ ਠਹਿਰਾਈਐ।

ਇਕ ਮਹਾਨ ਚਿੰਤਕ ਸੈਰਸਿਲ (cercil) ਦਾ ਕਥਨ ਹੈ :- Example is more foncible than precept- People look at my six days in the week to see what I mean on the seventh. (ਭਾਵ- ਉਪਦੇਸ਼ ਨਾਲੋਂ ਅਮਲ ਤੇ ਉਦਾਹਰਣ ਵਧੇਰੇ ਬਲ ਰਖਦੇ ਹਨ-ਲੋਕੀ ਮੇਰਾ ਛਿਆਂ ਦਿਨਾਂ ਵਿਚ ਕੀਤਾ ਕੰਮ ਵੇਖਣਗੇ ਤੇ ਉਸੇ ਤੋਂ ਹੀ ਜਾਣ ਲੈਣਗੇ ਕਿ ਮੈਂ ਸਤਵੇਂ ਦਿਨ ਕੀ ਕਰਨ ਦਾ ਮਨ ਰਖਦਾ ਹਾਂ।) ਇਸੇ ਤਰ੍ਹਾਂ ਚਾਰਲਸ ਕਿੰਗਸਲੇ ਲਿਖਦਾ ਹੈ ਕਿ-"Nothing is so infectious as example."

(ਭਾਵ- ਅਮਲੀ ਜੀਵਨ ਤੋਂ ਵਧ ਲਾਗ ਲਾਉਣ ਵਾਲੀ ਵਸਤੂ ਹੋਰ ਕੋਈ ਨਹੀਂ) । ਇਸ ਲਈ ਗੁਰਦੁਆਰੀਏ ਤੇ ਧਰਮਸਾਲੀਏ ਲੋਕਾਂ ਨੂੰ ਆਪ ਨਮੂਨਾ ਬਣ ਕੇ ਦਸਣਾ

(ਬਾਕੀ ਪੰਨਾ......੨੮ ਤੇ)



www.AKJ.Org

# "ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੈ"

(ਵਲੋਂ –ਗਿਆਨੀ ਜੀਤ ਸਿੰਘ ਜੀ,)

ਸਿਖ ਧਰਮ ਅੰਦਰ ਕੋਈ ਵੀ ਨਸ਼ਾ ਵਰਤਣਾ ਕੁਰਹਿਤ ਹੈ। ਚਾਰ ਬਜਰ ਕੁਰਹਿਤਾਂ ਵਿਚੋਂ 'ਤਮਾਕੂ' (ਜਗਤ ਜੂਠ) ਵਰਤਣ ਵਾਲਾ ਪਤਿਤ ਹੋ ਜਾਂਦਾ ਹੈ। ਤਮਾਕੂ ਭਾਵੇਂ ਇਕ ਮਾਮੂਲੀ ਨਸ਼ਾ ਸਮਝਿਆ ਜਾਂਦਾ ਹੈ ਤਾਂ ਵੀ ਇਸ ਦੇ ਵਰਤਣ ਦੀ ਸਖਤ ਮਨਾਹੀ ਹੈ। ਤਮਾਕੂ ਨੂੰ ਕੇਵਲ ਸਾਰੇ ਨਸ਼ਿਆਂ ਦਾ ਸੂਚਕ ਮਾਤਰ ਲੀਤਾ ਗਿਆ ਹੈ, ਭਾਵ ਚਿੰਨ੍ਹ ਮਾਤਰ ਸਮਝ ਕੇ ਹੀ ਮਨਾਹੀ ਕੀਤੀ ਗਈ ਹੈ। ਤਮਾਕੂ ਪੀਣ ਵਾਲਿਆਂ ਨੂੰ ਕਈ ਦੀਰਘ ਰੋਗ ਲੱਗ ਜਾਂਦੇ ਹਨ। ਜਿਹਾ ਕਿ ਦਮਾ, ਕੈਂਸਰ ਤੇ ਤਪਦਿਕ ਆਦਿ। ਏਸੇ ਤਰ੍ਹਾਂ ਹੋਰ ਨਸ਼ੇ ਸ਼ਰਾਬ, ਅਫ਼ੀਮ, ਭੰਗ, ਚਰਸ,ਗਾਂਜਾ, ਕੁਕੀਨ ਆਦਿ ਸਾਰੇ ਹੀ ਵਧ ਤੋਂ ਵਧ ਹਾਨੀਕਾਰਕ ਹਨ।

ਨਸ਼ਾ ਮਨੁੱਖ ਕਿਸ ਵੇਲੇ ਵਰਤਦਾ ਹੈ ? ਜਿਸ ਵੇਲੇ ਮਾਨਸਿਕ ਤੌਰ ਤੇ ਗਿਰਾਵਟ ਵਿਚ ਹੁੰਦਾ ਹੈ। ਟੁੱਟਾ ਹੋਇਆ ਮਨੁੱਖ ਹੀ ਨਸ਼ੇ ਦਾ ਆਸਰਾ ਲੈਂਦਾ ਹੈ। ਨਸ਼ੇ ਵਿੱਚ ਉਲਾਰ ਹੋ ਜਾਂਦਾ ਹੈ। ਸੰਤੁਲਨ ਕਾਇਮ ਨਹੀਂ ਰਹਿੰਦਾ। ਮਤ ਵਿੱਚ ਬਰਲ ਪੈ ਜਾਂਦਾ ਹੈ। ਕਈ ਕਹਿੰਦੇ ਹਨ ਕਿ ਗ਼ਮ ਗਲਤ ਕਰਨ ਲਈ ਨਸ਼ੇ ਵਰਤਦੇ ਹਨ। ਚਿੰਤਾਵਾਂ, ਫ਼ਿਕਰਾਂ ਨੂੰ ਭੁਲਾਉਣ ਵਾਸਤੇ ਨਸ਼ੇ ਵਿਚ ਮਦਹੋਸ਼ ਹੋ ਜਾਂਦੇ ਹਨ। ਭਾਵੇਂ ਉਹ ਚਿੰਤਾ, ਫ਼ਿਕਰ ਸਗੋਂ ਦੂਣਾ ਰੂਪ ਧਾਰ ਕੇ ਫਿਰ ਸਾਹਮਣੇ ਆ ਖੜੋਂਦੀ ਹੈ, ਝੱਟ ਘੜੀ ਦੀ ਬੇਹੋਸ਼ੀ ਵਿਚ ਭਾਵੇਂ ਮਨੁੱਖ ਭੁਲਾ ਰਹਿੰਦਾ ਹੈ। ਬੇਹੋਸ਼ੀ ਵਿੱਚ ਤਾਂ ਹੋਸ਼ ਨਹੀਂ ਰਹਿੰਦੀ। ਨਸ਼ਾ ਕੋਈ ਵੀ ਹੋਵੇ, ਮਨੁੱਖੀ ਸਰੀਰ ਤੇ ਮਾਰੂ ਅਸਰ ਕਰਦਾ ਹੈ। ਦਿਲ, ਦਿਮਾਗ, ਫੇਫੜਿਆਂ ਦੀਆਂ ਬਾਰੀਕ ਸੂਖਮ ਨਾੜਾਂ ਨੂੰ ਉਤੇਜਤ ਕਰਦਾ ਹੈ ਤੇ ਖ਼ੂਨ ਦਾ ਦਬਾਉ ਵੱਧ ਹੋ ਜਾਂਦਾ ਹੈ, ਜੋ ਪਿਛੋਂ ਕਮਜ਼ੋਰੀ ਦਾ ਕਾਰਨ ਬਣਦਾ ਹੈ। ਏਸੇ ਤਰ੍ਹਾਂ ਜਿਗਰ ਤੇ ਗੁਰਦਿਆਂ ਦੇ ਰੋਗਾਂ ਦਾ ਕਾਰਨ ਵੀ ਬਣਦਾ ਹੈ।

ਮਾਰੂ ਨਸ਼ਿਆਂ ਵਿਚੋਂ ਅਸੀਂ ਇਥੇ ਕੇਵਲ ਸ਼ਰਾਬ ਨੂੰ ਹੀ ਲੈਂਦੇ ਹਾਂ, ਜੋ ਕਿ ਅੱਜ ਕੱਲ੍ਹ ਸਿੱਖ ਜਨਤਾ ਵਿਚ ਦਿਨੋ ਦਿਨ ਵਧਦੀ ਜਾ ਰਹੀ ਹੈ। ਜਾਂ ਤਾਂ ਇਸ ਦੇ ਮਾਰੂ ਅਸਰਾਂ ਦਾ ਪਤਾ ਨਹੀਂ ਤੇ ਜਾਂ ਵਰਤਣ ਵਾਲੇ ਨੂੰ ਗੁਰਮਤਿ-ਵਿਰੋਧੀ ਹੋਣ ਦਾ ਪਤਾ ਨਹੀਂ। ਕਈ ਸਿੰਘ ਸਭਾਵਾਂ ਦੇ ਪਰਧਾਨ, ਸਕੱਤਰ, ਧਾਰਮਕ ਆਗੂ, ਪਰਚਾਰਕ, ਇਸ ਦੀ ਵਰਤੋਂ ਕਰਨ ਲਗ ਪਏ ਹਨ। ਜਿਸ ਕਾਰਣ ਇਹ ਹੋਰ ਪ੍ਰਚਲਤ ਹੁੰਦੀ ਜਾ ਰਹੀ ਹੈ। ਜੇਕਰ ਧਰਮ ਦੇ ਰਖਵਾਲੇ ਹੀ ਧਰਮ-ਵਿਰੋਧੀ ਕੁਕਰਮਾਂ ਵਿਚ ਫਸ ਜਾਣ ਤਾਂ ਆਮ ਸਿਖ ਸੰਗਤ, ਸਿਖ ਜਨਤਾ, ਸਿਖ ਨੌਜਵਾਨਾਂ ਨੂੰ ਸਿਧੇ ਰਾਹ ਪਾਉਣ ਵਾਲਾ ਜਾਂ ਰੋਕਣ ਵਾਲਾ ਫਿਰ ਕੌਣ ਹੈ ? ਸ਼ਰਾਬ ਦੇ ਅਨੇਕਾਂ ਹੀ ਹਾਨੀਕਾਰਕ ਅਸਰ ਹਨ। ਸ਼ਰਾਬ ਮਨੁੱਖੀ ਸਰੀਰ, ਮਨ, ਆਤਮਾ ਨੂੰ ਰੋਗੀ ਬਣਾ ਦੇਂਦੀ ਹੈ। ਅਰੋਗ ਮਨ ਜਾਂ ਅਰੋਗ ਖ਼ਿਆਲਾਂ ਨਾਲ ਹੀ ਅਰੋਗ ਆਤਮਾ ਜਾਂ ਅਰੋਗ ਸਰੀਰ ਹੋ ਸਕਦਾ ਹੈ। ਇਸ ਬਾਰੇ ਗੁਰਮਤਿ-ਵੀਚਾਰ ਇਉਂ ਹੈ –

ਸਿਖ ਦਾ ਇਸ਼ਟ ਗੁਰੂ ਗਰੰਥ ਸਾਹਿਬ ਜੀ ਹਨ। ਗੁਰਬਾਣੀ ਨੂੰ ਮੰਨਣ ਵਾਲਾ ਹੀ ਸਿਖ ਅਖਵਾ ਸਕਦਾ ਹੈ। ਗੁਰ-ਮਰਯਾਦਾ ਤੇ ਗੁਰਮਤਿ ਰਹਿਤ ਤੇ ਚਲਣਾ ਹੀ ਸਿੱਖੀ ਹੈ। ਸ਼ਰਾਬ ਪੀਣ ਵਾਲੇ ਕਈ ਸਿਖ ਇਹ ਕਹਿੰਦੇ ਸੁਣੇ ਗਏ ਹਨ ਕਿ "ਸ਼ਰਾਬ ਨੂੰ ਚਹੁੰ ਬਜ਼ਰ ਕੁਰਹਿਤਾਂ ਵਿਚ ਨਹੀਂ ਲਿਖਿਆ, ਸੋ ਸਿਖ ਪਤਿਤ ਨਹੀਂ ਹੁੰਦਾ।" ਪਿਆਰਿਓ, ਏਸੇ ਪ੍ਰਸ਼ਨ ਦਾ ਉਤਰ ਦੇਣ ਲਈ ਇਹ ਲੇਖ ਹੈ। ਜ਼ਰਾ ਸੋਚੋ, ਜੇ ਉਹ ਪਤਿਤ ਨਹੀਂ ਹੁੰਦਾ ਤਾਂ ਉਹ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਖ ਹੀ ਨਹੀਂ ਰਹਿੰਦਾ। ਗੁਰਬਾਣੀ ਗੁਰ-ਮਰਯਾਦਾ ਸਾਨੂੰ ਸਾਰੇ ਨਸ਼ਿਆਂ ਤੋਂ ਰੋਕਦੀ ਹੈ। ਜੋ ਸਿਖ ਗੁਰਬਾਣੀ , ਗੁਰ-ਸ਼ਬਦ ਦੇ ਹੁਕਮ ਦੀ ਉਲੰਘਣਾ ਕਰਦਾ ਹੈ ਉਹ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਖ ਅਖਵਾਉਣ ਦਾ ਕਿਵੇਂ ਹੱਕਦਾਰ ਹੋ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਸ਼ਰਾਬ ਪੀਣ ਤੋਂ ਖ਼ਾਸ ਤੌਰ ਤੇ ਮਨ੍ਹਾ ਕਰਦੇ ਹਨ। ਸਤਿਗੁਰੂ ਜੀ ਦਾ ਸਿਖ ਨੂੰ ਉਪਦੇਸ਼ ਹੈ :-

ਮਾਣਸੁ ਭਰਿਆ ਆਣਿਆ, ਮਾਣਸੁ ਭਰਿਆ ਆਇ।।
ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ।।
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ।।
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ।।
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ।।
ਨਾਨਕ ਨਦਰੀ ਸਚੁ ਮਦੁ ਪਾਈਐ, ਸਤਿਗੁਰੁ ਮਿਲੈ ਜਿਸੁ ਆਇ।।
ਸਦਾ ਸਾਹਿਬ ਕੈ ਰੰਗਿ ਰਹੈ, ਮਹਲੀ ਪਾਵੈ ਥਾਉ।।੧।।

(ਵਾਰ ਬਿਹਾਗੜਾ,ਸਲੋਕ ਮ: ੩ ਪੰਨਾ ੫੫੪)

ਕੀ ਅਜੇ ਵੀ ਕਿਸੇ ਸਿਖ ਨੂੰ ਸ਼ੱਕ ਜਾਂ ਭੁਲੇਖਾ ਰਹਿ ਜਾਂਦਾ ਹੈ ਕਿ ਸਾਨੂੰ ਕਿਹੜਾ ਗੁਰੂ ਨੇ ਮਨ੍ਹਾ ਕੀਤਾ ਹੈ ? ਸਤਿਗੁਰੂ ਜੀ ਤਾਂ ਇਸ ਝੂਠੇ ਮਦ ਤੋਂ ਸਾਫ਼ ਮਨ੍ਹਾ



www.AKJ.Org

ਕਰਦੇ ਹਨ- "ਝੂਠਾ ਮਦੁ ਮੂਲ ਨ ਪੀਚਈ"। ਇਸ ਮਦ (ਸ਼ਰਾਬ) ਦੇ ਪੀਣ ਨਾਲ ਮੱਤ ਮਾਰੀ ਜਾਂਦੀ ਹੈ, ਆਪਣੇ ਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਵਾਹਿਗੁਰੂ ਦੇ ਦਰੋਂ ਧੱਕੇ ਪੈਂਦੇ ਹਨ ਅਤੇ ਦਰਗਹ ਵਿਚੋਂ ਸਜ਼ਾ ਮਿਲਦੀ ਹੈ, ਕੀ ਐਸੀ ਸ਼ਰਾਬ ਨੂੰ ਪੀਣਾ ਗੁਰਸਿਖਾਂ ਲਈ ਵਿਵਰਜਿਤ ਨਹੀਂ ? ਕੀ ਵਾਹਿਗੁਰੂ ਦੇ ਦਰ ਤੋਂ ਧੱਕੇ ਪੈਣ ਵਾਲੇ ਅਤੇ ਦਰਗਹ ਤੋਂ ਸਜ਼ਾ ਮਿਲਣ ਵਾਲੇ ਨੂੰ ਅਸੀਂ ਪਤਿਤ ਨਹੀਂ ਆਖ ਸਕਦੇ? ਜੇ ਨਹੀਂ ਤਾਂ ਉਸ ਨੂੰ ਕੀ ਆਖਾਂਗੇ ?

ਗੁਰੂ ਨਾਨਕ ਸਾਹਿਬ ਜੀ ਇਸੇ ਵਾਰ ਦੇ ਸਲੋਕ ਵਿਚ ਹੋਰ ਫ਼ੁਰਮਾਉਂਦੇ ਹਨ ਕਿ-

**ਇਤੁ ਮਦਿ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ।।.......**

(ਪੰਨਾ ੫੫੩)

ਐਸੀ ਸ਼ਰਾਬ ਜੋ ਗੁੜ, ਲਾਹਣਿ ਤੇ ਭੱਠੀ ਵਿਚ ਤਿਆਰ ਕੀਤੀ ਜਾਂਦੀ ਹੈ ਤੇ ਜਿਸ ਦੇ ਪੀਣ ਨਾਲ ਹਰ ਪਰਕਾਰ ਦੇ ਵਿਕਾਰ ਪੈਦਾ ਹੁੰਦੇ ਹਨ, ਇਹ ਸ਼ਰਾਬ ਹੀ ਸਭ ਔਗੁਣਾਂ ਦੀ ਜੜ੍ਹ ਹੈ। ਇਸ ਦੇ ਵਰਤਣ ਵਾਲਾ ਕਦੇ ਔਗੁਣਾਂ ਤੋਂ ਬਚ ਨਹੀਂ ਸਕਦਾ। ਉਸ ਨੂੰ ਗੁਰਮਤਿ ਤੇ ਗੁਰਸਿਖੀ ਦੀ ਕੀ ਸਾਰ ਹੋ ਸਕਦੀ ਹੈ ? ਜਿਸ ਸਿਖ ਦੇ ਅੰਦਰ ਅੰਮ੍ਰਿਤ ਦੀ ਤਾਂਘ ਹੈ, ਕਦਰ ਹੈ, ਉਹ ਸ਼ਰਾਬ ਨੂੰ ਕਦੇ ਥੁਕੇਗਾ ਵੀ ਨਹੀਂ। ਪਰ ਜੋ ਸ਼ਰਾਬ ਪੀਂਦਾ ਹੈ ਉਸ ਨੂੰ ਅੰਮ੍ਰਿਤ ਦੇ ਰਸ ਦਾ ਕੀ ਪਤਾ ? ਸਾਹਿਬ ਫ਼ੁਰਮਾਉਂਦੇ ਹਨ-

**ਕਾਂਯਾ ਲਾਹਿਣ ਆਪੁ ਮਦੁ,**
**ਅੰਮ੍ਰਿਤ ਤਿਸ ਕੀ ਧਾਰ।।**
**ਸਤ-ਸੰਗਤਿ ਸਿਉ ਮੇਲਾਪੁ ਹੋਇ,**
**ਲਿਵ ਕਟੋਰੀ ਅੰਮ੍ਰਿਤ ਭਰੀ**
**ਪੀ ਪੀ ਕਟਹਿ ਬਿਕਾਰ।।** (ਪੰਨਾ ੫੫੩)

ਸਤਿਸੰਗਤਿ ਵਿਚ ਆਉਣ ਵਾਲਾ, ਤੇ ਅੰਮ੍ਰਿਤ ਛਕਣ ਵਾਲਾ, ਜੇ ਅਜੇ ਸ਼ਰਾਬ ਪੀਂਦਾ ਹੈ ਤਾਂ ਉਸ ਨੂੰ ਅੰਮ੍ਰਿਤ ਦੀ ਸਾਰ ਹੀ ਨਹੀਂ ਆਈ। ਜਿਸ ਮੂੰਹ ਵਿਚ ਅੰਮ੍ਰਿਤ ਪਾਇਆ ਜਾਵੇ, ਉਸ ਮੂੰਹ ਵਿਚ ਬਿਖ (ਵਿਸ਼ਟਾ) ਕੌਣ ਪਾਵੇਗਾ ? ਅੰਮ੍ਰਿਤ ਬਾਣੀ ਹੈ। "ਅੰਮ੍ਰਿਤ ਏਕੋ ਸਬਦ ਹੈ।" ਸਿਖ ਨੇ ਬਾਣੀ ਜਿਸ ਰਸਨਾ ਨਾਲ ਪੜ੍ਹਨੀ ਹੈ, ਉਸ ਰਸਨਾ ਨੂੰ ਬਿਖ ਸ਼ਰਾਬ ਪਿਲਾਣੀ, ਬਾਣੀ ਦਾ ਨਿਰਾਦਰ ਹੈ। ਸਾਡੇ ਗੁਰਦਵਾਰਿਆਂ ਦੇ ਆਗੂ ਜ਼ਰਾ ਗੁਰੂ ਦੇ ਹੁਕਮਾਂ ਵਲ ਧਿਆਨ ਦੇਣ , ਪੰਚਮ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ :-

**ਦੁਰਮਤਿ ਮਦੁ ਜੋ ਪੀਵਤੇ, ਬਿਖਲੀਪਤਿ ਕਮਲੀ।।**
**ਰਾਮ ਰਸਾਇਣਿ ਜੋ ਰਤੇ, ਨਾਨਕ ਸਚ ਅਮਲੀ।।**

(ਆਸਾ ਮ: ੫,ਪੰਨਾ ੩੯੯)

ਇਹ ਸ਼ਰਾਬ ਪੀਣ ਵਾਲੇ ਮੱਨੁਖ ਗੁਰੂ ਦਾ ਆਸਰਾ ਛੱਡ ਕੇ ਖੋਟੀ ਮਤ ਦੇ ਪਿਛੇ ਲਗ ਜਾਦੇ ਹਨ। ਇਹ ਫਿਰ (ਦੁਰਾਚਾਰਨ ਦੇ ਪਤੀ) ਭਾਵ ਦੁਰਾਚਾਰੀ, ਵਿਕਾਰੀ ਹੋ ਜਾਂਦੇ ਹਨ। ਪਰ ਜੋ ਮਨੁਖ ਪ੍ਰਭੂ-ਨਾਮ ਦਾ ਰਸ ਪੀਂਦੇ ਹਨ, ਸਤਿਗੁਰੂ ਕਹਿੰਦੇਂ ਹਨ ਉਹ ਅਟੱਲ, ਸਰੇਸ਼ਟ, ਸਦਾ ਰਹਿਣ ਵਾਲੇ ਨਾਮ-ਰਸ ਵਿਚ ਮਸਤ ਰਹਿੰਦੇ ਹਨ, ਤੇ ਨਾਮ-ਰਸ ਦੇ ਅਮਲੀ ਹੋ ਜਾਂਦੇ ਹਨ।

ਇਕ ਸਮੇਂ ਮਨੁੱਖ ਇਕੋ ਹੀ ਕਰਮ ਕਰ ਸਕਦਾ ਹੈ, ਚੰਗਾ ਜਾ ਮੰਦਾ। ਜੇ ਉਹ ਲੋਕ-ਦਿਖਾਵੇ ਲਈ ਕੋਈ ਚੰਗਾ ਕੰਮ ਵੀ ਕਰਦਾ ਹੈ ਤਾਂ ਉਹ ਵਾਹਿਗੁਰੂ ਨੂੰ ਨਹੀਂ ਪਤਿਆੱ ਸਕਦਾ, ਜੇ ਅੰਦਰੋਂ ਜਾਂ ਨਾਲ ਨਾਲ ਮੰਦਾ ਕਰਮ ਨਹੀਂ ਛੱਡਦਾ। ਮਨੁੱਖ ਇਕ ਪੈਰ ਤੇ ਖੜ੍ਹਾ ਹੋ ਸਕਦਾ ਹੈ। ਅਤੇ ਦੂਜਾ ਉਤਾਂਹ ਚੁਕ ਸਕਦਾ ਹੈ। ਪਰ ਜੇ ਉਹ ਚਾਹੇ ਕਿ ਦੂਜਾ ਪੈਰ ਜਿਸ ਤੇ ਖੜ੍ਹਾ ਹੈ, ਉਹ ਵੀ ਉਤਾਂਹ ਚੁਕੇ ਤਾਂ ਉਸ ਨੂੰ ਪਹਿਲਾ ਜੋ ਉਪਰ ਹੈ, ਥੱਲੇ ਕਰਨਾ ਪਵੇਗਾ। ਸੋ ਆਦਮੀ ਜਾਂ ਤਾਂ ਨੇਕੀ ਕਰ ਰਿਹਾ ਹੁੰਦਾ ਹੈ ਜਾਂ ਬਦੀ। ਜੇ ਉਸ ਦੇ ਦਿਲ ਦੀ ਨੀਯਤ ਬਦੀ ਵਾਲੇ ਕਰਮ ਨਹੀਂ ਛਡਦੀ ਤਾਂ ਉਸ ਦੇ ਨੇਕ ਕੰਮ ਵੀ ਵਿਖਾਵਾ ਹੈ।

ਜੋ ਇਹ ਕਹਿੰਦੇ ਹਨ ਕਿ ਅਸੀਂ ਧਾਰਮਕ ਆਗੂ ਵੀ ਬਣੇ ਰਹੀਏ ਤੇ ਗੁਰਮਤਿ-ਵਿਰੋਧੀ ਕਰਮ ਵੀ ਕਰਦੇ ਜਾਈਏ, ਉਹ ਥੋੜ੍ਹੀ ਦੇਰ ਲਈ ਤਾਂ ਛੁਪ ਸਕਦੇ ਹਨ ਪਰ ਬਹੁਤਾ ਚਿਰ ਨਹੀਂ। ਜੋ ਇਹ ਕਹਿੰਦੇ ਹਨ ਕਿ ਫਲਾਣਾ ਬਹੁਤ ਗੁਰਮੁਖ ਹੈ, ਸੇਵਾ ਕਰਦਾ ਹੈ, ਦਾਨ ਵੀ ਬਹੁਤ ਕਰਦਾ ਹੈ ਪਰ ਸ਼ਰਾਬ ਵੀ ਪੀਂਦਾ ਹੈ, ਉਸ ਦੀ ਸੇਵਾ, ਦਾਨ ਆਦਿ ਵਿਚ ਵੀ ਕੋਈ ਸਵਾਰਥ ਭਰੀ ਹਉਮੈ ਹੋਵੇਗੀ, ਉਹ ਗੁਰੂ-ਦਰਬਾਰ ਪਰਵਾਨ ਨਹੀਂ ਹੋ ਸਕਦੀ, ਆਖ਼ਰ ਜ਼ਾਹਰ ਹੋ ਜਾਵੇਗੀ।

■■■■■

**ਕਬੀਰ ਭਾਂਗ ਮਾਛੁਲੀ ਸੁਰਾਪਾਨਿ, ਜੋ ਜੋ ਪ੍ਰਾਨੀ ਖਾਂਹਿ।।**
**ਤੀਰਥ ਬਰਤ ਨੇਮ ਕੀਏ, ਤੇ ਸਭੈ ਰਸਾਤਲ ਜਾਹਿ।।** (ਸਲੋਕ ਕਬੀਰ ਜੀ)



www.AKJ.Org

# ਧਰਤਿ ਕਾਇਆ ਸਾਧਿ ਕੈ, ਵਿਚਿ ਦੇਇ ਕਰਤਾ ਬੀਓ

"ਕਹੁ ਕਬੀਰ ਇਹੁ ਰਾਮ ਕੀ ਅੰਸੁ।" ਜੀਵ *'ਰਾਮ'* ਦੀ ਅੰਸ਼ ਹੈ ਅਤੇ ਜੀਵਾਤਮਾ ਦੀ ਤਾਂਘ ਅਨਜਾਣੇ ਹੀ ਅੰਦਰੋ ਅੰਦਰ ਆਪਣੇ ਅਸਲੇ ਰਾਮ (ਪਰਮ-ਆਤਮਾ) ਦੇ ਮਿਲਾਪ ਵਲ ਲੱਗੀ ਰਹਿੰਦੀ ਹੈ। ਜਿਵੇਂ ਅਕਾਸ਼ੋਂ ਡਿਗੀ ਨਿਕੀ ਜਿਹੀ ਬੂੰਦ, ਡਿਗਦੀ ਢਹਿੰਦੀ ਨਦੀ ਨਾਲਿਆਂ ਦੇ ਰੂਪ ਵਟਾਂਦੀ, ਆਪਣੇ ਅਸਲੇ ਸਮੁੰਦਰ ਵਿਚ ਜਾ ਕੇ ਸਮਾ ਜਾਂਦੀ ਹੈ ਤਿਵੇਂ ਇਸ ਜੀਵ ਨੂੰ ਵੀ ਆਪਣੇ ਅਸਲੇ 'ਵਾਹਿਗੁਰੂ' ਤੋਂ ਵਿਛੜ ਕੇ ਕਿਤੇ ਟਿਕਾਣਾ ਨਹੀਂ, ਜਦ ਤਕ ਕਿ ਬਹੁੜ ਇਹ ਆਪਣੇ ਅਸਲੇ ਵਿਚ ਲੀਨ ਨਹੀਂ ਹੋ ਜਾਂਦਾ। ਭੰਬਲ-ਭੂਸੇ ਖਾਂਦੇ ਤੇ ਭੁਲੇ ਭਟਕੇ ਜੀਵ ਨੂੰ ਸਹੀ ਰਸਤਾ ਦਿਖਾਉਣ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵ ਨੂੰ *'ਨਾਮ-ਸਿਮਰਨ'* ਦੀ ਅਜਿਹੀ ਰੌਸ਼ਨੀ ਬਖ਼ਸ਼ੀ, ਜਿਸ ਦੇ ਪ੍ਰਕਾਸ਼ ਵਿਚ ਜੀਵ ਆਪਣੇ ਰਾਹ 'ਤੇ ਬੇਰੋਕ-ਟੋਕ ਤੇ ਬੇਖ਼ੌਫ਼ ਹੋ ਕੇ, ਪੂਰਨ ਦ੍ਰਿੜ੍ਹਤਾ ਨਾਲ ਤੁਰੀ ਜਾ ਸਕਦਾ ਹੈ ਅਤੇ ਮੰਜ਼ਲ ਨੂੰ ਪ੍ਰਾਪਤ ਕਰ ਸਕਦਾ ਹੈ। ਕਹਿੰਦੇ ਹਨ ਕਿ ਸ਼ੇਰਨੀ ਦਾ ਦੁੱਧ ਸਵਰਨ ਦੇ ਭਾਂਡੇ ਵਿਚ ਹੀ ਟਿਕਦਾ ਹੈ, ਇਵੇਂ ਹੀ *'ਨਾਮ'* ਮੈਲੇ ਭਾਂਡੇ (ਹਿਰਦੇ) ਵਿਚ ਨਹੀਂ ਟਿਕ ਸਕਦਾ। ਤਾਹੀਓਂ ਸਤਿਗੁਰਾਂ ਨੇ ਫੁਰਮਾਇਆ ਹੈ।

ਭਾਂਡਾ ਧੋਇ ਬੈਸਿ ਧੂਪੁ ਦੇਵਹੁ,
ਤਉ ਦੂਧੈ ਕਉ ਜਾਵਉ ।।

ਅਤੇ ਇਸੇ ਤਰ੍ਹਾਂ ਧਰਤੀ ਬੀਜਣ ਲਈ ਪਹਿਲਾ ਧਰਤੀ ਸਾਧਣੀ ਪੈਂਦੀ ਹੈ, ਵਾਹੀਦੀ ਹੈ, ਸੁਹਾਗੀਦੀ ਹੈ ਤੇ ਸਿੰਚ ਕੇ ਵਤਰ ਤਿਆਰ ਕਰੀਦਾ ਹੈ। ਫੇਰ ਪੂਰੀ ਸਾਵਧਾਨਤਾ ਸਹਿਤ ਬੀਜ ਬੀਜੀਦਾ ਹੈ।

ਸੋ ਕਾਇਆ-ਧਰਤੀ ਵਿਚ ਕਰਤਾ ਪੁਰਖ ਦੇ ਨਾਮ ਦਾ ਬੀਜ ਬੀਜਣ ਤੋਂ ਪਹਿਲਾਂ ਇਸ ਨੂੰ ਸੋਧਣ ਦੀ ਲੋੜ ਹੈ। ਇਸ ਸਰੀਰ-ਧਰਤੀ ਦੀ ਸਾਧਨਾ ਵਾਸਤੇ ਪੁਰਸ਼ਾਰਥ, ਮਿਹਨਤ, ਲਗਨ ਤੇ ਦ੍ਰਿੜ੍ਹ ਇਰਾਦੇ ਸਹਿਤ ਘਾਲਣਾ ਘਾਲੀ ਜਾਏ ਤਾਂ ਹੀ ਬੀਜਿਆ ਬੀਜ ਫਲੀ-ਭੂਤ ਹੁੰਦਾ ਹੈ। ਸੁੱਕੀ ਧਰਤੀ ਵਿਚ ਬੀਜ ਉਗਦਾ ਹੀ ਨਹੀਂ। ਕਲਰਾਨੀ ਧਰਤੀ ਵਿਚ ਬੀਜ ਉਗ ਕੇ ਸੜ- ਸੁੱਕ ਜਾਂਦਾ ਹੈ। ਅਣਵਾਹੀ ਧਰਤੀ ਫਲ ਚੰਗਾ ਨਹੀਂ ਲਿਆਉਂਦੀ। ਸੋ 'ਨਾਮ-ਖੇਤੀ 'ਬੀਜਣ ਵਾਸਤੇ ਤਨ ਮਨ ਰੂਪੀ ਧਰਤੀ ਨੂੰ ਇਉਂ ਤਿਆਰ ਕਰਨ ਦੀ ਲੋੜ ਹੈ-

ਹਉਮੈ ਦਾ ਤਿਆਗ ਤੇ ਨਿਮਰਤਾ ਦਾ ਗ੍ਰਹਿਣ-
ਸਭ ਤੋਂ ਵਡੀ ਬਿਮਾਰੀ ਹੈ ਮਾਣ ਦੀ, ਹਉਮੈ ਹੰਕਾਰ ਦੀ। ਆਪਣੀ ਵਡਿਆਈ ਦੀ ਭੁੱਖ ਜੀਵ ਨੂੰ ਭਟਕਾਂਦੀ ਫਿਰਦੀ ਹੈ ਅਤੇ ਮਨੁੱਖ "ਹਉ ਮਾਰਉ ਹਉ ਬੰਧਉ ਛੋਡਹੁ, ਮੁਖ ਤੇ ਏਵ ਬਬਾੜੇ" ਦੀ ਕੁਦੱਬੀ ਭੁਲਾਉਣੀ ਵਿਚ ਭੁਲ ਕੇ ,ਵਟੇ-ਰੋੜੇ ਇਕੱਠੇ ਕਰ ਰਿਹਾ ਹੈ ਗੁਰੂ ਤੇਗ ਬਹਾਦਰ ਸਾਹਿਬ ਤਿਆਗਣ ਤੇ ਗ੍ਰਹਿਣ ਕਰਨ ਵਾਲੀਆਂ ਵਸਤੂਆਂ ਦੀ ਚਿਤਾਵਨੀ ਇਉਂ ਦਿੰਦੇ ਹਨ-

ਸਾਧੋ ਮਨ ਕਾ ਮਾਨੁ ਤਿਆਗਉ।।
ਕਾਮੁ ਕ੍ਰੋਧ ਸੰਗਤਿ ਦੁਰਜਨ. ਕੀ,
ਤਾ ਤੇ ਅਹਿਨਿਸਿ ਭਾਗਉ।।੧।।ਰਹਾਉ।।
ਸੁਖ ਦੁਖੁ ਦੋਨੋ ਸਮ ਕਰਿ ਜਾਨੈ,
ਅਉਰੁ ਮਾਨੁ ਅਭਿਮਾਨਾ।।
ਹਰਖ ਸੋਗ ਤੇ ਰਹੈ ਅਤੀਤਾ,
ਤਿਨਿ ਜਗਿ ਤਤੁ ਪਛਾਨਾ।।੧।।
ਉਸਤਤਿ ਨਿੰਦਾ ਦੋਊ ਤਿਆਗੈ,
ਖੋਜੈ ਪਦੁ ਨਿਰਬਾਨਾ।।
ਜਨ ਨਾਨਕ ਇਹੁ ਖੇਲੁ ਕਠਨੁ ਹੈ,
ਕਿਨਹੂ ਗੁਰਮੁਖਿ ਜਾਨਾ।।੨।।

ਸਤਿਗੁਰੂ ਪਾਤਸ਼ਾਹ ਨੇ ਜਿਥੇ ਸੁਖ ਦੁਖ ਵਿਚ ਸਮਾਨ ਰਹਿਣ ਦੀ ਹਦਾਇਤ ਕੀਤੀ ਹੈ, ਖ਼ੁਸ਼ੀ ਗ਼ਮੀ ਨੂੰ ਮਨ ਤੇ ਲਾਉਣ ਤੋਂ ਹੋੜਿਆ ਹੈ, ਉਸਤਤ ਨਿੰਦਿਆ ਦੋਹਾਂ ਨੂੰ ਛਡਣ ਲਈ ਕਿਹਾ ਹੈ, ਕਾਮ ਕ੍ਰੋਧ ਤੇ ਹੋਰ ਖੋਟੇ ਕਰਮਾਂ ਤੋਂ ਸਦਾ ਦੂਰ ਰਹਿਣ ਲਈ ਚਿਤਾਵਨੀ ਦਿਤੀ ਹੈ ਉਥੇ ਸਭ ਤੋਂ ਮੁਢਲਾ ਹੁਕਮ ਹੈ ਮਨ ਦੇ ਮਾਨ ਤਿਆਗਣ ਦਾ। ਇਹ ਮਾਨ ਜਾਂ ਹੰਕਾਰ ਐਸੀ ਬੁਰੀ ਬਲਾ ਹੈ ਜਿਸ ਦੇ ਆਉਣ ਨਾਲ ਵਡੇ ਵਡੇ ਪਹਿਲਵਾਨਾਂ ਦੀਆਂ ਪਿੱਠਾਂ ਲਗ ਗਈਆਂ। ਵਡੀਆਂ ਵਡੀਆਂ ਕਰਾਮਾਤਾਂ ਵਾਲੇ, ਨਾਮ-ਅਭਿਆਸੀ ਜਨ ਜਦੋਂ ਇਸ ਮਾਨ-ਹੰਕਾਰ ਵਿਚ ਕੋਈ ਆਏ ਤਾਂ ਉਹ ਟੀਸੀ ਤੋਂ ਐਸੇ ਡਿਗੇ ਕਿ ਫਿਰ ਕੋਈ ਟਿਕਾਣਾ ਨਾ ਲੱਭਾ। ਇਸ ਬਾਰੇ ਕਬੀਰ ਜੀ ਕਹਿੰਦੇ ਹਨ-

ਕਬੀਰ ਚਤੁਰਾਈ ਅਤਿ ਘਨੀ,
ਹਰਿ ਜਪਿ ਹਿਰਦੈ ਮਾਹਿ।।
ਸੂਰੀ ਊਪਰਿ ਖੇਲਨਾ,
ਗਿਰੈ ਤ ਠਾਹਰ ਨਾਹਿ।।੧੦੯।।

ਤਾਂ ਤੇ ਮਾਨ-ਹੰਕਾਰ ਮੁਨੀ-ਮੁਨੀਸ਼ਵਰਾਂ ਨੂੰ ਵੀ ਖਵਾਰ ਕਰਦਾ ਹੈ ਆਪ ਫ਼ੁਰਮਾਉਂਦੇ ਹਨ :-

ਕਬੀਰ ਮਾਇਆ ਤਜੀ ਤ ਕਿਆ ਭਇਆ,
ਜਉ ਮਾਨ ਤਜਿਆ ਨਹੀ ਜਾਇ।।



www.AKJ.Org

ਮਾਨ ਮੁਨੀ ਮੁਨਿਵਰ ਗਲੇ,
ਮਾਨੁ ਸਭੈ ਕਉ ਖਾਇ।।੧੫੬।।

ਇਸੇ ਲਈ ਸਤਿਗੁਰੂ ਅਮਰਦਾਸ ਜੀ ਸਿਖਿਆ ਦਿੰਦੇ ਹਨ-

ਮਨ ਤੂੰ ਮਤ ਮਾਣ ਕਰਹਿ ਜਿ ਹਉ ਕਿਛੁ
ਜਾਣਦਾ, ਗੁਰਮੁਖਿ ਨਿਮਾਣਾ ਹੋਹੁ।।

(ਪੰਨਾ ੪੪੧)

ਸਾਰਾ ਸੰਸਾਰ ਹੰਕਾਰ ਦੀ ਅਗਨੀ ਵਿਚ ਸੜ ਰਿਹਾ ਹੈ, ਉਸ ਅਗਨੀ ਤੋਂ ਬਚਾਉਣ ਲਈ ਸਤਿਗੁਰੂ ਪ੍ਰਾਣੀ ਨੂੰ ਨਿਮਾਣਾ ਹੋ ਕੇ ਵਿਚਰਨ ਦਾ ਉਪਦੇਸ਼ ਦ੍ਰਿੜ੍ਹਾਉਂਦੇ ਹਨ। ਸੱਚੇ ਸੁਖ ਤੇ ਸੱਚੇ ਨਾਮ ਦੀ ਪ੍ਰਾਪਤੀ ਹਉਮੈ ਤਿਆਗਣ ਵਿਚ ਹੈ। "ਕੂੜ ਬਣ ਬਹਿਣ" ਤੋਂ ਸਤਿਗੁਰੂ ਸਦਾ ਵਰਜਦੇ ਹਨ। ਸਚੀ ਦਰਗਾਹ ਵਿਚ ਨਿਮਾਣੇ ਤੇ ਦੀਨਤਾ ਵਾਲੇ ਨੂੰ ਆਦਰ ਪ੍ਰਾਪਤ ਹੁੰਦਾ ਹੈ। ਭਾਈ ਗੁਰਦਾਸ ਜੀ ਇਸ ਦੀ ਪੁਸ਼ਟੀ ਇਉਂ ਕਰਦੇ ਹਨ-

ਹਉਮੈ ਗਰਬੁ ਨਿਵਾਰੀਐ,
ਗੁਰਮੁਖਿ ਰਿਦੈ ਗਰੀਬੀ ਆਵੈ।।
ਗਿਆਨ ਮਤੀ ਘਟਿ ਚਾਨਣਾ,
ਭ੍ਰਮ ਅਗਿਆਨ ਅੰਧੇਰੁ ਮਿਟਾਵੈ।।
ਹੋਇ ਨਿਮਾਣਾ ਢਹਿ ਪਵੈ,
ਦਰਗਹ ਮਾਣੁ ਨਿਮਾਣਾ ਪਾਵੈ।।.......

(ਵਾਰ ੨੯, ਪਉੜੀ ੧੩)

ਸਗੋਂ ਭਾਈ ਸਾਹਿਬ ਤਾਂ ਕੁਝ ਪ੍ਰਮਾਣ ਦੇ ਕੇ ਗਰੀਬੀ ਤੇ ਨਿਮਰਤਾ ਧਾਰਨ ਕਰਨ ਲਈ ਇਉਂ ਪ੍ਰੇਰਦੇ ਹਨ ਅਤੇ ਇਹੋ ਹੀ ਗੁਰਸਿਖ ਹੋਣ ਦੀ ਨਿਸ਼ਾਨੀ ਬਿਆਨ ਕਰਦੇ ਹਨ :-

ਧਰਤੀ ਪੈਰਾਂ ਹੇਠਿ ਹੈ, ਧਰਤੀ ਹੇਠਿ ਵਸੰਦਾ ਪਾਣੀ।।
ਪਾਣੀ ਚਲੈ ਨੀਵਾਣ ਨੋ, ਨਿਰਮਲੁ ਸੀਤਲੁ ਸੁਧੁ ਪਰਾਣੀ।।
ਬਹੁ ਰੰਗੀ ਇਕ ਰੰਗੁ ਹੈ, ਸਭਨਾ ਅੰਦਰਿ ਇਕੋ ਜਾਣੀ।।
ਤਤਾ ਹੋਵੈ ਧੁਪ ਵਿਚਿ, ਛਾਵੈ ਠੰਢਾ ਵਿਰਤੀ ਹਾਣੀ।।
ਤਪਦਾ ਪਰਉਪਕਾਰ ਨੋ, ਠੰਢੇ ਪਰਉਪਕਾਰ ਵਿਹਾਣੀ।।
ਅਗਨਿ ਬੁਝਾਏ ਤਪਤਿ ਵਿਚਿ, ਠੰਢਾ ਹੋਵੈ ਬਿਲਮੁ ਨ ਆਣੀ।।
ਗੁਰਸਿਖੀ ਦੀ ਇਹ ਨੀਸਾਣੀ।।

(ਵਾਰ ੨੮, ਪਉੜੀ ੧੩)

ਸਤਿਗੁਰੂ ਪਾਤਸ਼ਾਹ ਥਾਂ-ਪਰ-ਥਾਂ ਹਉਮੈ ਨਾਵੈ ਦਾ ਵਿਰੋਧ ਦਸਦਿਆਂ ਹੋਇਆਂ ਫਿਰ ਪ੍ਰਾਣੀ ਨੂੰ ਡਾਢੇ ਲਾਡ-ਪਿਆਰ ਵਿਚ ਸਮਝਾਉਂਦੇ ਹਨ-

ਸੁਣਿ ਬਾਵਰੇ ਮਤੁ ਜਾਣਹਿ, ਪ੍ਰਭੁ ਮੈ ਪਾਇਆ।।
ਸੁਣਿ ਬਾਵਰੇ ਥੀਉ ਰੇਣੁ,
ਜਿਨੀ ਪ੍ਰਭੁ ਧਿਆਇਆ।।

## ਆਪਸ ਤੇ ਊਪਰਿ ਸਭ ਜਾਣਹੁ-

ਹਉਮੈ ਦਾ ਤਿਆਗ ਓਦੋਂ ਹੀ ਹੋ ਸਕਦਾ ਹੈ ਜਦੋਂ ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਣੀਏ, ਆਪਣੇ ਔਗੁਣਾਂ ਵਲ ਸਦਾ ਝਾਤੀ ਮਾਰੀਏ ਅਤੇ ਹੋਰਨਾਂ ਸਭਨਾਂ ਨੂੰ ਚੰਗਾ ਕਰ ਸਮਝੀਏ। ਸ੍ਰੀ ਗੁਰੂ ਨਾਨਕ ਦੇਵ ਜੀ ਇਹੋ ਗੱਲ ਸੂਹੀ ਰਾਗ ਵਿਚ ਇਉਂ ਸਮਝਾਂਦੇ ਹਨ-

ਹਮ ਨਹੀ ਚੰਗੇ ਬੁਰਾ ਨਹੀ ਕੋਇ।।
ਪ੍ਰਣਵਤਿ ਨਾਨਕੁ ਤਾਰੇ ਸੋਇ।।

ਭਗਤ ਕਬੀਰ ਜੀ ਇਸ ਦੀ ਪੁਸ਼ਟੀ ਇਉਂ ਕਰਦੇ ਹਨ-

ਕਬੀਰ ਸਭ ਤੇ ਹਮ ਬੁਰੇ,
ਹਮ ਤਜਿ ਭਲੋ ਸਭੁ ਕੋਇ।।
ਜਿਨਿ ਐਸਾ ਕਰਿ ਬੂਝਿਆ,
ਮੀਤੁ ਹਮਾਰਾ ਸੋਇ।।੭।।

ਕਬੀਰ ਜੀ ਉਨ੍ਹਾਂ ਸਜਣਾਂ ਨੂੰ ਹੀ ਆਪਣਾ ਮਿੱਤਰ ਬਣਾਉਂਦੇ ਹਨ ਜਿਨ੍ਹਾਂ ਨੂੰ ਆਪਣੇ ਆਪ ਤੋਂ ਬਿਨਾਂ ਸਾਰੇ ਭਲੇ ਹੀ ਭਲੇ ਦਿਸਦੇ ਹਨ। ਪਰ ਨਿਰੰਕਾਰੀ ਪਾਤਸ਼ਾਹ ਇਸ ਤੋਂ ਵੀ ਅਗਾਂਹ ਲੰਘ ਜਾਂਦੇ ਹਨ। ਉਹ ਜਪੁਜੀ ਸਾਹਿਬ ਵਿਚ ਜਿਥੇ ਘੋਰ ਅਪਰਾਧੀਆਂ, ਚੋਰਾਂ ਯਾਰਾਂ, ਹਰਾਮਖੋਰਾਂ ਅਤੇ ਗਲੇ ਵਢਣ ਵਾਲੇ ਪਾਪੀਆਂ ਹਤਿਆਰਿਆਂ ਦਾ ਜ਼ਿਕਰ ਕਰਦੇ ਹਨ ਉਥੇ ਅਖ਼ੀਰ ਵਿਚ ਆ ਕੇ ਆਪਣੇ ਆਪ ਨੂੰ "ਨਾਨਕੁ ਨੀਚੁ ਕਹੈ ਵੀਚਾਰੁ" ਲਿਖ ਕੇ ਆਪਣੀ ਨਿਰਮਾਣਤਾ ਤੇ ਗਰੀਬੀ ਦੀ ਹੱਦ ਤਕ ਪੁਜ ਜਾਂਦੇ ਹਨ।

ਪੰਜਵੇਂ ਸਤਿਗੁਰੂ ਜੀ ਵੀ ਸੱਚੀ ਦਰਗਾਹ ਵਿਚ ਸੁੱਖ ਪ੍ਰਾਪਤ ਕਰਨ ਦਾ ਇਹੋ ਹੀ ਸਾਧਨ ਦਸਦੇ ਹਨ-

ਪਵਹੁ ਚਰਣਾ ਤਲਿ ਊਪਰਿ ਆਵਹੁ,
ਐਸੀ ਸੇਵ ਕਮਾਵਹੁ।।
ਆਪਸ ਤੇ ਊਪਰਿ ਸਭ ਜਾਣਹੁ,
ਤਉ ਦਰਗਹ ਸੁਖੁ ਪਾਵਹੁ।।

ਭਗਤ ਫ਼ਰੀਦ ਜੀ ਵੀ ਇਸ ਮਾਰਗ ਦੇ ਪੰਧਾਊਆਂ ਨੂੰ ਸਾਧ-ਸੰਗਤ ਦੇ ਚਰਨਾਂ ਦੀ ਧੂੜ ਬਣ ਜਾਣ ਦਾ ਉਪਦੇਸ਼ ਦਿੰਦੇ ਹਨ :-

ਫਰੀਦਾ ਥੀਉ ਪਵਾਹੀ ਦਭੁ।।
ਜੇ ਸਾਂਈ ਲੋੜਹਿ ਸਭੁ।।
ਇਕੁ ਛਿਜਹਿ ਬਿਆ ਲਤਾੜੀਅਹਿ।।
ਤਾਂ ਸਾਂਈ ਦੈ ਦਰਿ ਵਾੜੀਅਹਿ।।੧੬।।

## ਹਿਆਉ ਨ ਠਾਹੇ ਕਹੀਦਾ-

ਗਰੀਬੀ ਦੇ ਨਿਕਮਾਣਤਾ ਵਿਚ ਰਹਿਣ ਵਾਲਾ ਕਦੀ ਵੀ ਕਿਸੇ ਦਾ ਦਿਲ ਨਹੀਂ ਦੁਖਾਂਦਾ। ਉਹ ਗੁਰਬਾਣੀ


www.AKJ.Org

ਦੇ ਇਨ੍ਹਾਂ ਹੁਕਮਾਂ ਤੇ ਪਹਿਰਾ ਦਿੰਦਾ ਹੈ-

ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ।।
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।।੧੩੦।।
(ਸਲੋਕ ਫ਼ਰੀਦ ਜੀ)

ਉਹ ਜਾਣਦਾ ਹੈ ਕਿ ਸਭ ਹਿਰਦੇ ਅਮੁਲੀਕ ਰਤਨ ਹਨ ਅਤੇ ਸਭਨਾਂ ਦੇ ਅੰਦਰ ਸਹੁ-ਪ੍ਰਭੂ ਵਸਦਾ ਹੈ। ਕਿਸੇ ਦੇ ਮਨ ਨੂੰ ਢਾਹੁਣਾ ਆਪਣੇ ਪਿਆਰੇ ਪ੍ਰਭੂ ਦੀ ਨਿਰਾਦਰੀ ਤੁਲ ਹੈ। ਉਹ ਤਾਂ ਸਗੋਂ ਬੁਰੇ ਦਾ ਵੀ ਭਲਾ ਕਰਨ ਵਿਚ ਖ਼ੁਸ਼ੀ ਮਹਿਸੂਸ ਕਰਦਾ ਹੈ-

ਫਰੀਦਾ ਜੋ ਤੈ ਮਾਰਨਿ ਮੁਕੀਆਂ, ਤਿਨਾ ਨਾ ਮਾਰੇ ਘੁੰਮਿ।।
ਆਪਨੜੈ ਘਰਿ ਜਾਈਐ, ਪੈਰ ਤਿਨ੍ਹਾ ਦੇ ਚੁੰਮਿ।।੭।।

ਕਿਹਾ ਸੁੰਦਰ ਉਪਦੇਸ਼ ਹੈ ਕਿ ਮੁੱਕੀਆਂ ਮਾਰਨ ਵਾਲਿਆਂ ਤੋਂ ਵੀ ਬਦਲਾ ਨਹੀਂ ਲੈਣਾ, ਸਗੋਂ ਉਸ ਨੂੰ ਵੀ ਪਿਆਰ ਨਾਲ ਹੀ ਜਿਤਣਾ ਹੈ। ਅਜਿਹਾ ਕਰਨ ਨਾਲ ਦੋਖੀ ਪੁਰਸ਼ ਵੀ ਪਸਚਾਤਾਪ ਵਿਚ ਆ ਜਾਂਦੇ ਹਨ।

ਗੁਰਮੁਖਿ ਮਿਠਾ ਬੋਲਣਾ-

ਆਪਣੇ ਆਪ ਨੂੰ ਸਾਧਣ, ਸੰਵਾਰਨ ਤੇ ਮਨ ਧੋਣ ਦਾ ਅਗਲਾ ਗੁਣ ਗ੍ਰਹਿਣ ਕਰਨ ਵਾਲਾ ਹੈ *'ਮਿਠਾ ਬੋਲਣਾ'*। ਮਿੱਠੇ ਸ਼ਬਦ ਦੀ ਸ੍ਰੋਤ ਕੰਨਾਂ ਵਿਚ ਪੈਂਦਿਆਂ ਹੀ ਮਨ ਸੁਆਦ ਵਿਚ ਆ ਜਾਂਦਾ ਹੈ। ਮਿੱਠੇ ਬੋਲ ਤੇ ਮਿੱਠੇ ਗੀਤ ਸਭ ਨੂੰ ਭਾਉਂਦੇ ਹਨ। ਮਿੱਠਾ ਬੋਲਣਾ ਇਕ ਉੱਤਮ ਗੁਣ ਹੈ। ਇਸੇ ਵਾਸਤੇ ਭਾਈ ਗੁਰਦਾਸ ਜੀ ਮਿੱਠਾ ਬੋਲਣ ਵਾਲਿਆਂ ਤੋਂ ਵਾਰਨੇ-ਬਲਿਹਾਰਨੇ ਜਾਂਦੇ ਹਨ-

ਬਲਿਹਾਰੀ ਤਿਨਾ ਗੁਰਸਿਖਾਂ,
ਗੁਰਮਤਿ ਬੋਲ ਬੋਲਦੇ ਮਿਠਾ।।

ਮਿੱਠਾ ਬੋਲਣ ਦੀ ਮਹਿਮਾ ਅਤਿ ਅਨੂਪਮ ਹੈ। ਇਹ ਸਤੋਗੁਣੀ ਸੁਭਾਵ ਤੋਂ ਵੀ ਪਰੇ ਪਰਮੇਸ਼ਵਰੀ ਗੁਣ ਹੈ-

ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।।
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।।

ਮਿਠਬੋਲੜਾ ਹਰੇਕ ਨੂੰ ਪਿਆਰਾ ਲਗਦਾ ਹੈ ਤੇ ਮਿਠੇ ਬੋਲ ਤਪਦੇ ਹਿਰਦਿਆਂ ਨੂੰ ਠਾਰਦੇ ਹਨ। ਕੋਇਲ ਦੀ ਮਿਠੀ ਅਵਾਜ਼ ਸਭ ਨੂੰ ਭਾਉਂਦੀ ਹੈ, ਪਰ ਕਾਂ ਦੀ ਕਾਂਇ ਕਾਂਇ ਦੁਰਕਾਰੀ ਜਾਂਦੀ ਹੈ। ਇਸੇ ਤਰ੍ਹਾਂ ਕੌੜਾ ਤੇ ਫਿਕਾ ਬੋਲਣਾ ਕਿਸੇ ਨੂੰ ਚੰਗਾ ਨਹੀਂ ਲਗਦਾ। ਕੌੜੇ ਬੋਲਾਂ ਨਾਲ ਦੂਜਿਆਂ ਦੇ ਮਨ ਤਪਸ਼ ਵਿਚ ਆ ਜਾਦੇ ਹਨ। ਫਿਕਾ ਬੋਲਣ ਨਾਲ ਆਪਣਾ ਤਨ ਮਨ ਫਿਕਾ ਹੋ ਜਾਂਦਾ ਹੈ-

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।।
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।।

ਕੌੜੇ ਨੂੰ ਹਰ ਕੋਈ ਥੁਕ ਦਿੰਦਾ ਹੈ ਅਤੇ ਫਿਕੇ ਨੂੰ ਪਰ੍ਹਾਂ ਸੁਟ ਦਿੰਦਾ ਹੈ, ਪਰ ਮਿਠਾ ਸਵੀਕਾਰ ਕੀਤਾ ਜਾਂਦਾ ਹੈ। ਸੋ ਬੋਲਾਂ ਵਿਚ ਮਿਠਾਸ ਵਸਾਉਣੀ, ਹਿਰਦੇ ਦੀਆਂ ਡੂੰਘਾਈਆਂ ਵਿਚ ਮਿਠਾਸ ਭਰਨੀ ਹੈ। ਮਿਠ-ਬੋਲੇ ਹਰ ਥਾਂ ਸਤਿਕਾਰੇ ਜਾਂਦੇ ਹਨ, ਪਰ ਫਿਕੇ ਸਭ ਥਾਈਂ ਤ੍ਰਿਸਕਾਰੇ ਜਾਂਦੇ ਹਨ, ਬਲਕਿ ਜੁੱਤੀਆਂ ਦੀ ਮਾਰ ਖਾਂਦੇ ਹਨ-

ਫਿਕਾ ਮੂਰਖੁ ਆਖੀਐ
ਪਾਣਾ (ਜੁੱਤੀਆਂ) ਲਹੈ ਸਜਾਇ।। ........।
ਉਸਤਤਿ ਨਿੰਦਾ ਦੋਊ ਤਿਆਗੈ

ਕਬੀਰ ਜੀ ਫ਼ੁਰਮਾਉਂਦੇ ਹਨ ਕਿ :-

"ਉਸਤਤਿ ਨਿੰਦਾ ਦੋਊ ਬਿਬਰਜਤ,
ਤਜਹੁ ਮਾਨੁ ਅਭਿਮਾਨਾ।।
ਲੋਹਾ ਕੰਚਨੁ ਸਮ ਕਰਿ ਜਾਨੈ,
ਤੇ ਮੂਰਤਿ ਭਗਵਾਨਾ।।"

ਉਸਤਤ ਨਿੰਦਾ ਵਿਚ ਪੈਣਾ ਚੰਚਲ ਮਨ ਦੀ ਖੋਟੀ ਵਾਦੀ ਹੈ, ਜੋ ਬੜੀ ਹਾਨੀਕਾਰਕ ਹੈ। ਸਮੱਗਰ ਬਾਣੀ ਅੰਦਰ ਅਨੇਕਾਂ ਗੁਰ-ਪ੍ਰਮਾਣਾਂ ਦੁਆਰਾ ਇਨ੍ਹਾਂ ਤੋਂ ਬਚਣ ਲਈ ਸਾਵਧਾਨ ਕੀਤਾ ਗਿਆ ਹੈ। ਉਸਤਤੀ ਤੇ ਨਿੰਦ ਦੋਵੇਂ ਸੁਭਾ ਮਾੜੇ ਹਨ।

ਆਮ ਤੌਰ ਤੇ ਮਨੁੱਖ ਅੰਦਰ ਈਰਖਾ ਦੀ ਅਗਨੀ ਭਰੀ ਹੋਈ ਹੈ। ਈਰਖਾ ਦੇ ਅਸਰ ਹੇਠ ਮਨੁੱਖ ਨਿੰਦਾ ਕਰਨ ਵਿਚ ਪਰਵਿਰਤ ਹੋ ਜਾਂਦਾ ਹੈ। ਨਿੰਦਾ ਕਰ ਕੇ ਜੀਵ ਆਪਣੀ ਅੰਦਰਲੀ ਈਰਖਾ ਦੀ ਭੜਾਸ ਕਢਦਾ ਹੈ ਅਤੇ ਇਸ ਤਰ੍ਹਾਂ ਦੂਜਿਆਂ ਦੀ ਭੰਡੀ ਕਰ ਕੇ ਖ਼ੁਸ਼ੀ ਹੁੰਦਾ ਹੈ। ਪਰ ਇਹ ਈਰਖਾ ਤੇ ਨਿੰਦਿਆ ਮਨੁੱਖ ਨੂੰ ਰਸਾਤਲ ਵਿਚ ਸੁਟ ਦਿੰਦੀ ਹੈ ਅਤੇ ਨਿੰਦਕ ਨੂੰ ਕਿਤੇ ਢੋਈ ਨਹੀਂ ਮਿਲਦੀ। ਇਸੇ ਲਈ ਸਤਿਗੁਰੂ ਫ਼ੁਰਮਾਉਂਦੇ ਹਨ :-

ਨਿੰਦਾ ਭਲੀ ਕਿਸੈ ਕੀ ਨਾਹੀ, ਮਨਮੁਖ ਮੁਗਧ ਕਰੰਨਿ।।
ਅਤੇ- ਨਿੰਦਕ ਕੀ ਗਤਿ ਕਤਹੂੰ ਨਾਹੀ......।।
ਅਤੇ- ਕਰੈ ਨਿੰਦ ਬਹੁ ਜੋਨੀ ਹਾਂਢੈ।।
ਅਤੇ- ਮੁਹ ਕਾਲੇ ਤਿਨਾ ਨਿੰਦਕਾ, ਤਿਤੁ ਸਚੈ ਦਰਬਾਰਿ।।
ਅਤੇ- ਅਰੜਾਵੈ ਬਿਲਲਾਵੈ ਨਿੰਦਕ।।
ਪਾਰਬ੍ਰਹਮੁ ਪਰਮੇਸਰੁ ਬਿਸਰਿਆ,
ਆਪਣਾ ਕੀਤਾ ਪਾਵੈ ਨਿੰਦਕ।।੧।।ਰਹਾਉ।।
ਜੇ ਕੋਈ ਉਸ ਕਾ ਸੰਗੀ ਹੋਵੈ,
ਨਾਲੇ ਲਏ ਸਿਧਾਵੈ।।
ਅਣਹੋਦਾ ਅਜਗਰ ਭਾਰੁ ਉਠਾਏ,
ਨਿੰਦਕ ਅਗਨੀ ਮਾਹਿ ਜਲਾਵੈ।।੧।।



www.AKJ.Org

ਪਰਮੇਸਰ ਕੇ ਦੁਆਰੈ ਜਿ ਹੋਇ ਬਿਤੀਤੈ,
ਸੁ ਨਾਨਕ ਆਖਿ ਸੁਣਾਵੈ॥

ਜਿਥੇ ਨਿੰਦਕ ਨੂੰ ਇੰਨਾਂ ਫਿਟਕਾਰਿਆ ਗਿਆ ਹੈ ਉਥੇ ਗੁਰੂ ਪਰਮੇਸਰ ਤੋਂ ਬਿਨਾਂ ਕਿਸੇ ਦੀ ਵੀ ਉਸਤਤ ਕਰਨੀ ਲਾਹੇਵੰਦੀ ਨਹੀਂ ਅਤੇ ਜੀਵ ਨੂੰ ਆਪਣੇ ਸਹੀ ਨਿਸ਼ਾਨੇ ਤੋਂ ਉਖੇੜਦੀ ਹੈ। ਤਾਹੀਂ ਸਤਿਗੁਰੂ ਜੀ ਨੇ ਨਿੰਦਾ ਉਸਤਤ ਦੋਹਾਂ ਤੋਂ ਹੋੜਿਆ ਹੈ।

**ਸਾਝ ਕਰੀਜੈ ਗੁਣਹ ਕੇਰੀ:-**

ਨਿੰਦਾ ਤੋਂ ਤਦ ਹੀ ਬਚਿਆ ਜਾ ਸਕਦਾ ਹੈ, ਜੇ ਅਸੀਂ ਕਿਸੇ ਦੇ ਔਗੁਣ ਵਿਚਾਰ ਵਿਚ ਹੀ ਨਾ ਲਿਆਈਏ; ਸਗੋਂ ਹਮੇਸ਼ਾ ਉਸ ਦੇ ਗੁਣ ਤਕੀਏ ਅਤੇ ਉਸ ਨਾਲ ਗੁਣਾਂ ਦੀ ਸਾਂਝ ਪਾਈਏ। ਹਰੇਕ ਜੀਵ ਵਿਚ ਗੁਣ ਔਗੁਣ ਹੁੰਦੇ ਹਨ। ਮਾੜੇ ਬੰਦਿਆਂ ਵਿਚ ਵੀ ਜੇ ਕੋਈ ਗੁਣ ਦਿਸੇ ਤਾਂ ਉਸ ਗੁਣ ਦੇ ਸਾਂਝੀਵਾਲ ਬਣੀਏ, ਨਾ ਕਿ ਅਸੀਂ ਉਸ ਦੇ ਔਗੁਣ ਚਿਤਾਰੀਏ। ਇਸ ਪ੍ਰਥਾਇ ਸ੍ਰੀ ਗੁਰੂ ਨਾਨਕ ਦੇਵ ਜੀ ਸੂਹੀ ਰਾਗ ਵਿਚ ਇਉਂ ਫੁਰਮਾਉਂਦੇ ਹਨ :-

ਗੁਣਾ ਕਾ ਹੋਵੈ ਵਾਸੁਲਾ, ਕਢਿ ਵਾਸੁ ਲਈਜੈ॥
ਜੇ ਗੁਣ ਹੋਵਨਿ ਸਾਜਨਾ, ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ॥

**ਘਾਲਿ ਖਾਇ ਕਿਛੁ ਹਥਹੁ ਦੇਇ :-**

ਮਿਠਾ ਬੋਲਣ ਤੇ ਨਿਵ ਚਲਣ ਗੁਣਾਂ ਦੇ ਨਾਲ ਰਲਵੀਂ ਸੁਕ੍ਰਿਤ '*ਹਥਹੁ ਦੇ ਕੇ ਭਲਾ ਮਨਾਉਣ*' ਦੀ ਹੈ।

ਭਾਈ ਗੁਰਦਾਸ ਜੀ ਇਸ ਪ੍ਰਥਾਇ ਇਉਂ ਲਿਖਦੇ ਹਨ:-

ਮਿਠਾ ਬੋਲਣੁ, ਨਿਵ ਚਲਣੁ,
ਹਥਹੁ ਦੇ ਕੈ ਭਲਾ ਮਨਾਏ॥
ਥੋੜਾ ਸਵਣਾ ਖਾਵਣਾ,
ਥੋੜਾ ਬੋਲਣ ਗੁਰਮਤਿ ਪਾਏ॥
ਘਾਲ ਖਾਏ ਸੁਕ੍ਰਿਤ ਕਰੇ,
ਵਡਾ ਹੋਇ ਨ ਆਪੁ ਗਣਾਏ॥

ਸੋ ਸਿਖ ਲਈ ਹਥੋਂ ਦੇ ਕੈ ਭਲਾ ਤਾਂ ਹੀ ਮਨਾਇਆ ਜਾ ਸਕਦਾ ਹੈ, ਜੇ ਧਰਮ ਦੀ ਕਿਰਤ ਕਰੇ। ਦਸਾਂ ਨਹੁੰਆਂ ਦੀ ਨੇਕ ਕਮਾਈ ਹੀ ਫਲਦੀ ਫੁਲਦੀ ਹੈ ਅਤੇ ਜੀਵ ਨੂੰ ਸੰਤੋਖੀ ਬਣਾਉਂਦੀ ਹੈ, ਜਦ ਕਿ ਭੈੜੀ ਕਮਾਈ ਤ੍ਰਿਸ਼ਨਾਲੂ ਬਣਾਉਂਦੀ ਹੈ। ਧਰਮ ਦੀ ਕਿਰਤ ਕਰਨ ਵਾਲਾ ਹੀ ਪਰਮਾਰਥ ਦੇ ਰਾਹ ਦੀ ਸਹੀ ਪਛਾਣ ਕਰ ਸਕਦਾ ਹੈ। ਸਤਿਗੁਰੂ ਇਉਂ ਸਪੱਸ਼ਟ ਕਰਦੇ ਹਨ:-

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਭਾਈ ਗੁਰਦਾਸ ਜੀ ਵੀ ਸੁੱਚੀ ਕਿਰਤ ਅਤੇ ਵੰਡ ਛਕਣ ਬਾਰੇ ਇਉਂ ਸੋਝੀ ਦਿੰਦੇ ਹਨ :-

ਕਿਰਤ ਵਿਰਤ ਕਰਿ ਧਰਮ ਦੀ,
ਲੈ ਪਰਸਾਦ ਆਣਿ ਵਰਤੰਦਾ॥
ਗੁਰਸਿਖਾਂ ਨੋ ਦੇਇ ਕਰਿ,
ਪਿਛਹੁ ਬਚਿਆ ਆਪ ਖਵੰਦਾ॥

ਇਸ ਤੋਂ ਸਿਧ ਹੁੰਦਾ ਹੈ ਕਿ ਜਿਥੇ ਧਰਮ ਦੀ ਕਿਰਤ ਜ਼ਰੂਰੀ ਹੈ ਉਥੇ ਦੂਜਿਆਂ ਨੂੰ ਵੰਡ ਕੇ ਛਕਣਾ ਭੀ ਲੁੜੀਂਦਾ ਹੈ। ਨਾਮ ਜਪਣਾ ਵੰਡ ਛਕਣਾ ਤੇ ਧਰਮ ਦੀ ਕਿਰਤ ਕਰਨੀ ਗੁਰਸਿਖੀ ਦੇ ਮੁੱਢਲੇ ਅਸੂਲ ਹਨ।

**ਨਿਸ਼ਕਾਮ ਸੇਵਾ:-**

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤਿ ਪਰਾਪਤਿ ਸੁਆਮੀ॥

ਗੁਰੂ-ਘਰ ਵਿਚ '*ਸੇਵਾ*' ਦਾ ਅਸਥਾਨ ਅਤਿ ਉਚਾ ਹੈ, ਪਰ ਨਿਸ਼ਕਾਮ ਸੇਵਾ ਹੀ ਪਰਵਾਨ ਹੈ। ਜਿਸ ਕਿਸੇ ਨੇ ਵੀ ਕੁਝ ਪਾਇਆ ਹੈ, ਉਹ ਸੇਵਾ ਤੋਂ ਹੀ ਪਾਇਆ ਹੈ। ਸਧਾਰਨ ਪ੍ਰਾਪਤੀਆਂ ਤੋਂ ਲੈ ਕੇ ਗੁਰਿਆਈ ਦੇ ਮਰਾਤਬੇ ਤਾਈਂ ਸਭ ਸੇਵਾ ਦੀ ਕਰਾਮਾਤ ਹੈ। ਸੇਵਾ ਬਾਰੇ ਸਤਿਗੁਰਾਂ ਦੇ ਤਕੀਦੀ ਉਪਦੇਸ਼ ਮਿਲਦੇ ਹਨ, ਜਿਹਾ ਕਿ:-

ਆਉ ਸਖੀ ਸੰਤ ਪਾਸਿ ਸੇਵਾ ਲਾਗੀਐ॥
ਪੀਸਉ ਚਰਣ ਪਖਾਰਿ ਆਪੁ ਤਿਆਗੀਐ॥

ਅਤੇ:-

ਪਾਣੀ ਪਖਾ ਪੀਸੁ ਦਾਸੁ ਕੈ, ਤਬ ਹੋਹਿ ਨਿਹਾਲ॥

ਸਤਿਗੁਰੂ ਜੀ ਨੇ ਜਿਥੇ ਨਾਮ ਜਪਣਾ ਜੀਵਾਤਮਾ ਦੀ ਸੇਵਾ ਦਰਸਾਈ ਹੈ ਉਥੇ ਹੱਥ ਪੈਰ ਤੇ ਤਨ ਸਫ਼ਲ ਕਰਨ ਵਾਸਤੇ ਪਾਣੀ ਢੋਣਾ, ਪੱਖਾ ਝਲਣਾ, ਚੱਕੀ ਪੀਹਣੀ, ਤਪੜ ਝਾੜ ਕੇ ਵਿਛਾਉਣੇ ਤੇ ਲੰਗਰ ਵਿਚ ਚੁਲ੍ਹ ਝੋਕਣ ਆਦਿ ਦੀ ਸੇਵਾ ਕਰਨੀ ਵੀ ਲਾਜ਼ਮੀ ਦਸੀ ਹੈ। ਨਵਾਬ ਕਪੂਰ ਸਿੰਘ ਜੀ ਨੇ ਨਵਾਬੀ ਨਾਲੋਂ ਘੋੜਿਆਂ ਦੀ ਲਿਦ ਚੁੱਕਣ ਦੀ ਸੇਵਾ ਨੂੰ ਤਰਜੀਹ ਦਿਤੀ ਸੀ।

ਗੁਰਸਿਖ ਮਨੁੱਖ ਮਾਤਰ ਦੀ ਸੇਵਾ ਲਈ ਤਤਪਰ ਹੈ। ਸੇਵਾ ਕਰ ਕੇ ਆਪਣੇ ਆਪ ਨੂੰ ਜਤਾਉਣਾ ਨਹੀਂ, ਸਗੋਂ ਆਪਣਾ ਆਪ ਨਿਵਾਰਨਾ ਹੈ। ਸੇਵਾ ਭਾਈ ਘਨੱਈਆ ਜੀ ਵਾਂਗ ਕਰਨੀ ਹੈ। '*ਨੇਕੀ ਕਰ ਔਰ ਕੂਏਂ ਮੇਂ ਡਾਲ*' ਵਾਲੇ ਅਖਾਣ ਵਾਂਗ ਸੇਵਾ ਕਰ ਕੇ ਭੁਲ ਜਾਣਾ ਹੈ, ਸੇਵਾ ਕਿਸੇ ਨੂੰ ਜਿਤਲਾਉਣੀ ਨਹੀਂ। ਅਜਿਹੀ ਸੇਵਾ ਹੀ ਨਿਸ਼ਕਾਮ ਸੇਵਾ ਹੈ।

**ਥੋੜਾ ਸਵਣਾ ਖਾਵਣਾ, ਥੋੜਾ ਬੋਲਣੁ ਗੁਰਮਤਿ ਪਾਏ :-**



www.AKJ.Org

ਸਰੀਰਕ ਸੁਧਾਈ ਲਈ ਥੋੜਾ ਖਾਣਾ ਤੇ ਥੋੜਾ ਸੌਣਾ ਅਤਿ ਜ਼ਰੂਰੀ ਹੈ। ਅਨਾਜ ਵਿਚ ਵੀ ਖੁਮਾਰੀ ਹੈ, ਜਿਸ ਨਾਲ ਸਰੀਰ ਵਿਚ ਆਲਸ ਆਉਂਦਾ ਹੈ। ਬਹੁਤੀ ਨੀਂਦ ਤੇ ਆਲਸ ਤੋਂ ਬਚਣ ਲਈ ਅਤੇ ਚੇਤੰਨ ਬ੍ਰਿਤ ਹੋਣ ਲਈ ਅਲਪ ਅਹਾਰ ਤੇ ਸੁਲਪ ਸੀ ਨਿੰਦਰਾ ਦਾ ਹੁਕਮ ਹੈ। ਮਨੁੱਖ ਜੀਭ ਦੇ ਚਸਕੇ ਪਿਛੇ ਭਾਂਤੇ ਭਾਂਤੀ ਖਾਣੇ ਖਾਂਦਾ ਹੈ ਅਤੇ ਸਵਾਦਾਂ ਵਿਚ ਫਸ ਕੇ ਲੋੜ ਤੋਂ ਵਧ ਖਾਈ ਜਾਂਦਾ ਹੈ ਤੇ ਫਿਰ ਵਧ ਤੋਂ ਵਧ ਸੌਂਦਾ ਹੈ। ਇਸ ਤਰ੍ਹਾਂ ਪੂਰੀ ਸਾਵਧਾਨਤਾ ਨਹੀਂ ਰਹਿ ਸਕਦੀ। ਬਹੁਤਾ ਖਾਣ ਤੇ ਬਹੁਤਾ ਸੌਣ ਨਾਲ ਤਨ, ਮਨ ਤੇ ਆਤਮਾ ਦੀ ਇਕ-ਸੁਰਤਾ ਬਣ ਹੀ ਨਹੀਂ ਆਉਂਦੀ। ਅਨੇਕਾਂ ਰੋਗ ਬਹੁਤਾ ਤੇ ਬੇਸੰਜਮਾ ਖਾਣ ਤੋਂ ਉਤਪੰਨ ਹੁੰਦੇ ਹਨ। ਸੋ ਸੰਜਮ ਤੇ ਸਾਦਗੀ ਵਿਚ ਖਾਣਾ ਪੀਣਾ ਯੋਗ ਹੈ। ਖਾਣਾ ਸਰੀਰ ਨੂੰ ਕਾਇਮ ਰਖਣ ਵਾਸਤੇ ਹੈ, ਨਾਕਿ ਸਰੀਰ ਖਾਣ ਪੀਣ ਤੇ ਪਹਿਰਣ ਵਾਸਤੇ ਬਣਿਆ ਹੈ।

"ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚ ਹੋਵੈ ਮੁਕਤਿ" ਦੇ ਗੁਰ-ਫ਼ੁਰਮਾਨ ਨੂੰ ਇਸ ਭਾਵ ਵਿਚ ਵਰਤਣਾ ਮਹਾਂ ਭੁੱਲ ਹੈ ਕਿ ਖਾਣ ਲਈ ਸਵਾਦਿਸ਼ਟ ਭੋਜਨ, ਰਹਿਣ ਲਈ ਏਅਰ-ਕੰਡੀਸ਼ਨ ਘਰ ਅਤੇ ਚੜ੍ਹਨ ਲਈ ਵਧੀਆ ਕਾਰਾਂ ਹੋਣੀਆ ਚਾਹੀਦੀਆਂ ਹਨ ਅਤੇ ਇਨ੍ਹਾਂ ਮਾਇਕ ਪਦਾਰਥਾਂ ਦੀ ਪ੍ਰਾਪਤੀ ਲਈ ਉੱਚ ਵਿਦਿਆ ਵਿੱਚ ਪ੍ਰਬੀਨਤਾ ਪ੍ਰਾਪਤ ਕਰਨੀ ਜ਼ਰੂਰੀ ਹੈ, ਤਾਹੀਂ ਜੀਵਨ ਦਾ ਪੱਧਰ ਉੱਚਾ ਸੁਖਦਾਇਕ ਬਣਾਇਆ ਜਾ ਸਕਦਾ ਹੈ। ਜੇ ਇਨ੍ਹਾਂ ਮਾਇਕ ਪਦਾਰਥਾਂ ਦੇ ਭੋਗਾਂ ਨਾਲ ਜੀਵਨ ਦਾ ਪੱਧਰ ਉੱਚਾ ਤੇ ਸੁਖਦਾਇਕ ਬਣ ਸਕਦਾ ਹੈ, ਤੇ ਫਿਰ ਸੱਚੇ ਪਾਤਸ਼ਾਹ ਦੇ ਇਹ ਫੁਰਮਾਨ ਕੀ ਦ੍ਰਿੜਾਉਂਦੇ ਹਨ-

ਖਾਂਦਿਆਂ ਖਾਂਦਿਆਂ ਮੁਹੁ ਘਠਾ,
ਪੈਨੰਦਿਆ ਸਭੁ ਅੰਗੁ ॥
ਨਾਨਕ ਧ੍ਰਿਗੁ ਤਿਨਾ ਦਾ ਜੀਵਿਆ,
ਜਿਨ ਸਚਿ ਨ ਲਗੋ ਰੰਗੁ ॥

ਅਤੇ

ਖਾਨ ਪੀਨ ਮੀਠ ਰਸ ਭੋਜਨ,
ਅੰਤ ਕੀ ਬਾਰ ਹੋਤ ਕਤ ਖਾਰੀ ॥
ਨਾਨਕ ਸੰਤ ਚਰਨ ਸੰਗਿ ਉਧਰੇ,
ਹੋਰ ਮਾਇਆ ਮਗਨ ਚਲੇ ਸਭਿ ਡਾਰੀ ॥

ਜੇ ਜਗਿਆਸੂ ਦੀ ਸੁਰਤ ਖਾਣ ਪੀਣ, ਪਹਿਰਣ ਤੇ ਮਾਇਕ ਪਦਾਰਥਾਂ ਦੀ ਪ੍ਰਾਪਤੀ ਵਿੱਚ ਹੀ ਖਚਿਤ ਰਹੀ ਤਾਂ ਨਾਮ ਦਾ ਕਿਤੇ ਵਾਸਾ ਹੋਵੇਗਾ। ਗੁਰਬਾਣੀ ਫੁਰਮਾਉਂਦੀ ਹੈ:-

ਰਸੁ ਘੋੜੇ ਰਸੁ ਸੇਜਾ ਮੰਦਰ,
ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ,
ਕੈ ਘਟਿ ਨਾਮ ਨਿਵਾਸ ॥

ਜੇ ਕਿਸ ਪ੍ਰਾਣੀ ਨੂੰ ਇਹ ਪਦਾਰਥ ਸਹਿਜ ਸੁਭਾਏ ਹੀ ਸਤਿਗੁਰੂ ਦੀ ਬਖ਼ਸ਼ਸ਼ ਹੋਣ ਤਾ ਇਨਾਂ ਦੇ ਭੋਗਾਂ ਵਿੱਚ ਤਾਂ ਗੁਰੂ ਦਾ ਸਿੱਖ ਖਚਿਤ ਨਹੀ ਹੁੰਦਾ, ਸਗੋ ਨਿਰਲੇਪ ਰਹਿ ਕੇ ਨਿਰਮਾਣਤਾ ਦਾ ਧਾਰਨੀ ਹੁੰਦਾ ਹੈ।

ਉਪਰੋਕਤ ਗੁਰੂ - ਫੁਰਮਾਨ "ਹਸੰਦਿਆਂ ਖੇਲੰਦਿਆਂ ਪੈਨੰਦਿਆਂ ......" ਦਾ ਇਹੋ ਹੀ ਭਾਵ ਹੈ ਕਿ ਗੁਰਸਿੱਖ ਗ੍ਰਿਹਸਥ ਵਿੱਚ ਹੀ ਵਿਚਰ ਕੇ ਵੀ ਜਲ ਵਿੱਚ ਕਮਲ ਵਾਂਗ ਨਿਰਲੇਪ ਰਹਿੰਦਾ ਹੈ।

ਥੋੜਾ ਖਾਣ ਤੇ ਥੋੜਾ ਸੌਣ ਤੇ ਸੰਜਮਾਂ ਨਾਲ ਹੀ ਥੋੜਾ ਬੋਲਣ ਦਾ ਵੀ ਗੁਰੂ ਹੁਕਮ ਹੈ। ਊਲ- ਜਲੂਲ ਫਾਦਲ - ਬਾਦ ਬੋਲੀ ਜਾਣਾ ਅਤੇ ਕੂੜੀਆਂ, ਬੇਲੋੜੀਆਂ ਤੇ ਅਵਾਰਗੌਣ ਗੱਪਾਂ ਮਾਰੀ ਜਾਣੀਆਂ ਵਿਵਰਜਤ ਹਨ। ਸਤਿਗੁਰੂ ਜੀ ਹੁਕਮ ਕਰਦੇ ਹਨ ਕਿ-

ਜਿਤੁ ਬੋਲੀਐ ਪਤਿ ਪਾਈਐ, ਸੋ ਬੋਲਿਆ ਪਰਵਾਣੁ ॥

ਅਤੇ

ਲਬੁ ਲੋਭੁ ਅਹੰਕਾਰ ਤਜਿ ਤ੍ਰਿਸਨਾ,
ਬਹੁਤੁ ਨਾਹੀ ਬੋਲਣਾ॥

ਨਾਟਕ ਚੇਟਕ ਕੀਏ ਕੁਕਾਜਾ-

"ਅਖੀ ਵੇਖਿ ਨਾ ਰਜੀਆ ਬਹੁ ਰੰਗ ਤਮਾਸੇ॥"

ਚਾਹੇ ਜ਼ਮਾਨੇ ਭਰ ਦੇ ਰੰਗ- ਤਮਾਸੇ ਵੇਖੇ ਡਿਠੇ ਜਾਣ, ਵੇਖ ਵੇਖ ਅੱਖਾਂ ਰੱਜਦੀਆਂ ਨਹੀਂ। ਰੱਜਣ ਤਦ ਜੇ ਇਨ੍ਹਾਂ ਰੰਗ ਤਮਾਸ਼ਿਆਂ ਵਿੱਚ ਕੋਈ ਪਤੀਜਣ ਵਾਲੀ ਗੱਲ ਹੋਵੇ।ਇਨ੍ਹਾਂ ਨਾਟਕਾਂ ਚੇਟਕਾਂ ਵਿੱਚ ਤੇ ਬਲਦੀ ਤੇ ਤੇਲ ਪਾ ਕੇ ਭਾਂਬੜ ਮਚਾਣ ਵਾਂਗ ਨਿਰੀ ਚੰਚਲਤਾ ਭਰੀ ਪਈ ਹੈ। ਜਿਹੜੀਆਂ ਅੱਖਾਂ ਬਾਹਰਲੇ ਰੰਗਾ ਰੂਪਾਂ ਦੇ ਵਿਕਾਰੀ ਦ੍ਰਿਸ਼ਾਂ ਵਿੱਚ ਭਟਕਦੀਆਂ ਫਿਰਦੀਆਂ ਹਨ ਉਹ ਅੰਤਰੀਵ -ਮੁਖੀ ਹੋ ਕੇ ਪਿਆਰੇ ਪ੍ਰਭੂ-ਪ੍ਰੀਤਮ ਦੀ ਭਾਲ ਵਿਚ ਕਿਵੇਂ ਜੁੜ ਸਕਦੀਆਂ ਹਨ। ਅਜਿਹੇ ਮਨੁੱਖਾਂ ਦੇ ਅੰਦਰ ਤਾਂ ਗੰਦੇ ਦ੍ਰਿਸ਼ਾਂ ਤੇ ਗੰਦੇ ਗੀਤਾਂ ਨੇ ਡੇਰੇ ਜਮਾਏ ਹੁੰਦੇ ਹਨ। ਭਾਈ ਗੁਰਦਾਸ ਜੀ ਇਨ੍ਹਾਂ ਦੂਜੇ ਭਾਵ ਦੇ ਰਾਗਾਂ ਰੰਗਾਂ ਨੂੰ ਇਉਂ ਧ੍ਰਿਕਾਰਦੇ ਹਨ-

ਹੋਰਤੁ ਰੰਗਿ ਨ ਰਚੀਐ, ਸਭੁ ਕੂੜੁ ਦਿਸੰਦਾ॥
ਹੋਰਤੁ ਸਾਦਿ ਨ ਲਗੀਐ, ਹੋਇ ਵਿਸੁ ਲਗੰਦਾ॥
ਹੋਰਤੁ ਰਾਗ ਨ ਰੀਝੀਐ, ਸੁਣਿ ਸੁਖ ਨ ਲਹੰਦਾ॥


www.AKJ.Org

ਸ੍ਰੀ ਗੁਰੂ ਅਰਜਨ ਦੇਵ ਜੀ ਗਉੜੀ ਰਾਗ ਵਿਚ ਇਨ੍ਹਾਂ ਨਾਟਕੀ ਅਖਾੜਿਆਂ ਦੇ ਪਾਜ ਨੂੰ ਇਸ ਤਰ੍ਹਾਂ ਉਘੇੜਦੇ ਹਨ:-

ਨਟ ਨਾਟਿਕ ਆਖਾਰੇ ਗਾਇਆ।।
ਤਾ ਮਹਿ ਮਨਿ ਸੰਤੋਖੁ ਨ ਪਾਇਆ।।

ਅਤੇ-

ਸੁਖੁ ਨਾਹੀ ਬਹੁਤੇ ਧਨਿ ਖਾਟੇ।।
ਸੁਖੁ ਨਾਹੀ ਪੇਖੇ ਨਿਰਤਿ ਨਾਟੇ।।

ਅਜਿਹੇ ਕੁ-ਰਸਾਂ ਵਿਚ ਫਸੇ ਹੋਏ ਜੀਵਾਂ ਪ੍ਰਤੀ ਹੀ ਇਹ ਪ੍ਰਮਾਣ ਠੀਕ ਢੁਕਦਾ ਹੈ ਕਿ:-

ਖਾਣਾ ਪੀਣਾ ਹਸਣਾ ਸਉਣਾ,
ਵਿਸਰਿ ਗਇਆ ਹੈ ਮਰਣਾ।।
ਖਸਮੁ ਵਿਸਾਰਿ ਖੁਆਰੀ ਕੀਨੀ,
ਧ੍ਰਿਗੁ ਜੀਵਣੁ ਨਹੀ ਰਹਣਾ।।

ਸਪੱਸ਼ਟ ਹੈ ਕਿ ਇਹ ਨਾਟਕ ਚੇਟਕ ਕੁਰਾਹੇ ਲਿਜਾਣ ਵਾਲੇ ਹਨ। ਗੁਰਸਿਖ ਨੇ ਇਨ੍ਹਾਂ ਵਿਚ ਨਹੀਂ ਫਸਣਾ।

ਨਾਟਕ ਚੇਟਕ ਕੀਏ ਕੁਕਾਜਾ।।
ਪ੍ਰਭ ਲੋਗਨ ਕਹ ਆਵਤ ਲਾਜਾ।।
(ਵਚਿਤ੍ਰ ਨਾਟਕ)

ਅਤੇ :-

ਗੁਰਸਿਖ ਰਾਗ ਸੁਆਦ ਮਾਨ ਤਿਆਗੇ।।
ਗੁਰਸਿਖ ਇਹੁ ਮਨੁ ਭਗਤੀ ਜਾਗੇ।।

ਭੇਖ-ਦਿਖਾਵਾ ਤੇ ਲੋਕ ਪਤਿਆਰਾ:-

ਭੇਖ ਦਿਖਾਇ ਜਗਤ ਕੋ, ਲੋਗਨ ਕੋ ਬਸਿ ਕੀਨ।।
ਅੰਤ ਕਾਲ ਕਾਤੀ ਕਟਿਓ, ਬਾਸੁ ਨਰਕ ਮੋ ਲੀਨ।।

ਅਤੇ :-

ਲੋਕ ਪਤੀਣੇ ਕਛੂ ਨ ਹੋਵੈ,
ਨਾਹੀ ਰਾਮੁ ਅਯਾਣਾ।। (ਆਸਾ ਕਬੀਰ ਜੀ)

ਉਪਰੋਕਤ ਤੁਕਾਂ ਦਾ ਭਾਵ ਬਿਲਕੁਲ ਸਪੱਸ਼ਟ ਹੈ ਕਿ ਭੇਖ ਤੇ ਪਖੰਡ ਕਰ ਕੇ ਲੁਕਾਈ ਨੂੰ ਤਾਂ ਠਗਿਆ ਜਾ ਸਕਦਾ ਹੈ, ਪਰ ਉਸ ਅੰਤਰਯਾਮੀ ਪ੍ਰਭੂ ਨੂੰ ਧੋਖਾ ਨਹੀਂ ਦਿਤਾ ਜਾ ਸਕਦਾ , ਸਗੋਂ ਆਪਣਾ ਹੀ ਅੱਗਾ ਖ਼ਰਾਬ ਕਰ ਕੇ ਨਰਕ-ਗਾਮੀ ਬਣਨਾ ਹੁੰਦਾ ਹੈ। ਇਸੇ ਤਰ੍ਹਾਂ ਲੋਕਾਂ ਨੂੰ ਰੀਝਾਉਣ-ਪਤਿਆਉਣ ਨਾਲ ਕੁਝ ਨਹੀਂ ਬਣਦਾ, ਜਿਹਾ ਕਿ ਮਨੁੱਖ ਅਜਿਹਾ ਲੋਕ-ਪਚਾਰਾ ਦਿਨ ਰਾਤ ਕਰਦਾ ਰਹਿੰਦਾ ਹੈ। ਸੁਖਮਨੀ ਸਾਹਿਬ ਸਾਨੂੰ ਨਿਤ ਦ੍ਰਿੜ੍ਹਾਉਂਦੀ ਹੈ ਕਿ:-

ਕਰਤੂਤਿ ਪਸੂ ਕੀ ਮਾਨਸ ਜਾਤਿ।।
ਲੋਕ-ਪਚਾਰਾ ਕਰੈ ਦਿਨੁ ਰਾਤਿ।।
ਬਾਹਰਿ ਭੇਖ ਅੰਤਰਿ ਮਲੁ ਮਾਇਆ।।
ਛਪਸਿ ਨਾਹਿ ਕਛੁ ਕਰੈ ਛਪਾਇਆ।।

ਅਰਦਾਸਿ ਕਰੀ ਪ੍ਰਭ ਅਪਨੇ ਆਗੈ-

ਸਾਨੂੰ ਖਿਨ ਖਿਨ ਪਰਮਾਰਥੀ ਸੋਧ ਤੇ ਚਲਣ ਵਾਸਤੇ ਪ੍ਰਭੂ ਜੀ ਅਗੇ ਜੋਦੜੀਆਂ -ਬੇਨਤੀਆਂ ਕਰਨ ਦਾ ਸੁਭਾਵ ਪਕਾਉਣ ਦੀ ਅਤਿ ਲੋੜ ਹੈ। ਕਦਮ ਕਦਮ ਤੇ ਥਿੜਕਣ ਤੇ ਫਿਸਲਣ ਦਾ ਖਤਰਾ ਹਰ ਵਕਤ ਬਣਿਆ ਰਹਿੰਦਾ ਹੈ, ਕਿਉਂ ਜੁ ਇਹ ਮਾਰਗ ਹੀ ਖੰਡੇਧਾਰ ਹੈ। ਜਨਮ-ਜਨਮਾਂਤਰਾਂ ਦੀਆਂ ਪਈਆਂ ਹੋਈਆਂ ਵਾਦੀਆਂ ਤੋਂ ਛੁਟਕਾਰਾ ਪਾਉਣਾ ਕੋਈ ਅਸਾਨ ਖੇਡ ਨਹੀਂ ਹੈ। ਸੰਗ ਕੁਸੰਗ ਦਾ ਪ੍ਰਭਾਵ ਅਤੇ ਪਦਾਰਥਵਾਦੀ ਵਾਤਾਵਰਨ ਦਾ ਅਸਰ ਬਦੋ-ਬਦੀ ਮਨ ਕਬੂਲਦਾ ਹੈ। ਇਸ ਲਈ ਇਸ ਜ਼ਹਿਰੀਲੇ ਅਸਰ ਤੋਂ ਬਚਣ ਦਾ ਇਕੋ ਇਕ ਸਾਧਨ ਗੁਰਬਾਣੀ ਦ੍ਰਿੜ੍ਹਾਉਂਦੀ ਹੈ, ਤੇ ਉਹ ਹੈ ਅਰਦਾਸ ਇਨ੍ਹਾਂ ਤੁਕਾਂ ਰਾਹੀਂ -

ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ।।
ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ।।
ਦੁਖ ਹਰਨ ਕਿਰਪਾ ਕਰਨ,
ਮੋਹਨ ਕਲਿ ਕਲੇਸਹ ਭੰਜਨਾ।।
ਸਰਨਿ ਤੇਰੀ ਰਖਿ ਲੇਹਿ ਮੇਰੀ,
ਸਰਬਮੈ ਨਿਰੰਜਨਾ।।
ਸੁਨਤ ਪੇਖਤ ਸੰਗਿ ਸਭ ਕੈ,
ਪ੍ਰਭ ਨੇਰਹੂ ਤੇ ਨੇਰੇ।।
ਅਰਦਾਸਿ ਨਾਨਕ ਸੁਨਿ ਸੁਆਮੀ,
ਰਖਿ ਲੇਹੁ ਘਰ ਕੇ ਚੇਰੇ।।
(ਬਿਹਾਗੜਾ ਮ: ੫)

ਰੇ ਮਨ ਵਤ੍ਰ ਬੀਜਣ ਨਾਉ:-
ਅਬ ਕਲੂ ਆਇਓ ਰੇ।। ਇਕੁ ਨਾਮੁ ਬੋਵਹੁ ਬੋਵਹੁ।।
ਆਨ ਰੂਤਿ ਨਾਹੀ।। ਮਤੁ ਭਰਮਿ ਭੂਲਹੁ ਭੂਲਹੁ।।
(ਬਸੰਤ ਮ:੫)

ਸੋ ਇਸ ਤਰ੍ਹਾਂ ਸੁਧੀ ਹੋਈ ਧਰਤੀ ਵਿਚ ਬੀਜਿਆ ਨਾਮ ਪਰਫੁਲਤ ਹੁੰਦਾ ਹੈ। ਤੇ ਇਹ ਨਾਮ ਐਰੇ ਗੈਰੇ ਅਨਜਾਣ ਹਾਲੀ ਨਹੀਂ ਬੀਜ ਸਕਦੇ। ਇਸ ਨਾਮ ਨੂੰ ਬੀਜਣ ਦੇ ਸਮਰਥ, ਸਤਿਗੁਰੂ ਦਰੋਂ ਵਰੋਸਾਇ ਤੇ ਨਦਰਾਇ ਗੁਰਮੁਖ ਪੰਚ ਜਨ ਹੀ ਹਨ, ਜੋ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਯੋਗ ਧਰਤੀ (ਜੀਵ) ਪਰਖ ਕੇ ਹੀ ਨਾਮ ਦਾ ਬੀਜ ਬੀਜਦੇ (ਨਾਮ ਬਖ਼ਸ਼ਦੇ) ਹਨ। ਅਜਿਹੀ ਦਾਤ ਸਤਿਗੁਰੂ ਦੇ ਤਰੁੱਠਣ ਨਾਲ ਵਡਭਾਗੀ ਹੀ ਪ੍ਰਾਪਤ ਕਰਦੇ ਹਨ।


www.AKJ.Org

# ਸੰਗੀਤ-ਰਸ ਅਤੇ ਕੀਰਤਨ-ਰਸ

(ਵਲੋਂ-ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਸੰਗੀਤ ਇਕ ਨਿਰੀ ਗਾਇਨ ਵਿਦਿਆ ਹੈ। ਸੰਗੀਤ ਰਸ ਅਰਥਾਤ ਗਾਇਨ ਰਸ ਭਾਵੇਂ ਕਿੰਨਾ ਹੀ ਉਚਾ ਹੋਵੇ, ਫੇਰ ਵੀ ਇਕ ਸਰੀਰਕ ਰਸ ਹੀ ਹੈ ਮੰਨਿਆ ਕਿ ਸਰੀਰ ਦੇ ਸਾਰੇ ਰਸਾਂ ਵਿਚੋਂ ਉਚਾ ਰਸ ਹੈ, ਪਰ ਹੈ ਤਾਂ ਸਰੀਰਕ ਵਿਸ਼ੈਣੀ ਰਸ ਹੀ ਨਾ। ਆਮ ਬਾਜੇ ਗਾਜੇ ਗਨਿਕਾ-ਗਤੰਤਰੀ ਰਸਾਂ ਵਾਲਾ ਸੰਗੀਤ-ਰਸ ਸਰੀਰਕ ਵਿਸ਼ਿਆ ਵਾਲੇ ਰਸ ਤੋਂ ਉਚੇਰਾ ਨਹੀਂ ਲੈ ਜਾ ਸਕਦਾ ਅਤੇ ਸਥੂਲ ਰਸਾਂ ਤੋਂ ਵੈਰਾਗਮਾਨ ਨਹੀਂ ਕਰਾਉਂਦਾ, ਸਗੋਂ ਵਧੇਰੇ ਖਚਿਤ ਕਰਾਉਂਦਾ ਹੈ, ਜੈਸੇ ਕਿ ਥੀਏਟਰ ਰਸਾਂ ਦੇ ਨਾਟਕੀ ਚੇਟਕੀ ਚੰਗੀ ਤਰ੍ਹਾਂ ਜਾਣੂ ਹਨ।

ਸਥੂਲ ਰਸਾਂ ਤੋਂ ਉਚਿਆਂ ਸਚੇ ਵਿਸਮਾਦ ਰਸਾਂ ਵਿਚ ਲੈ ਜਾਣ ਵਾਲਾ ਕੇਵਲ ਕੀਰਤਨ-ਅਨੰਦ ਰਸ ਹੈ, ਸੰਗੀਤ ਰਸ ਨਹੀਂ।

ਗੁਰਬਾਣੀ ਦਾ ਕੀਰਤਨ ਵਿਸਮਾਦ ਰੰਗਾਂ ਵਿਚ ਉਡਾਰੀ ਦੇਣ ਨੂੰ ਸਮਰਥ ਹੈ।ਸੋ ਹਰਿ-ਕੀਰਤਨ ਨੂੰ ਆਮ ਸੰਗੀਤ ਪਦ ਨਾਲ ਤੁਲਤਾ ਨਹੀਂ ਦਿਤੀ ਜਾ ਸਕਦੀ।

ਸੁੰਦਰਤਾ ਦਾ ਅਚਾਨਕ ਝਲਕਾ ਵਜਣ ਤੋਂ, ਅਥਵਾ ਕਿਸੇ ਤਰ੍ਹਾਂ ਸਰੀਰਕ ਰਸਾਂ ਤੋਂ ਊਰਧ-ਗਾਮੀ ਹੋ ਜਾਣ ਤੋਂ, ਜਾਂ ਸੰਗੀਤ ਆਦਿ ਦੇ ਪ੍ਰਭਾਵ ਤੋਂ ਗੁਰਮਿਤ ਵਿਸਮਾਦ ਰਸ ਨਹੀਂ ਉਪਜਦਾ। ਆਮ ਰਾਗਾਂ ਦਾ ਰਸ ਭਲਾ ਨਹੀਂ-

ਸਭਨਾ ਰਾਗਾਂ ਵਿਚ ਸੋ ਭਲਾ ਭਾਈ,
ਜਿਤੁ ਵਸਿਆ ਮਨਿ ਆਇ।।

ਐਸਾ- ਰਾਗੁ ਨਾਦੁ ਸਭ ਸਚੁ ਹੈ ਕੀਮਤਿ ਕਹੀ ਨ ਜਾਇ ।।

ਸੋ ਐਸਾ ਰਾਗ ਜਾਂ ਸੰਗੀਤ ਕੇਵਲ ਹਰਿ-ਕੀਰਤਨ ਹੀ ਹੈ। ਸ਼ਬਦ ਅਥਵਾ ਸ਼ਬਦ-ਕੀਰਤਨ ਵਾਲੇ ਰਾਗ ਅਰਥਾਤ ਸ਼ਬਦ ਦੁਆਰਾ ਕੀਤੇ ਰਾਗ-ਨਾਦ ਹੀ ਸੋਹਣੇ ਹਨ-

ਰਾਗ ਨਾਦ ਸਬਦਿ ਸੋਹਣੇ,
ਜਾ ਲਾਗੈ ਸਹਜਿ ਧਿਆਨ।।

ਨਹੀਂ ਤਾਂ ਆਨ ਸ਼ਬਦ ਰਸ, ਸ਼ਬਦ-ਕੀਰਤਨ-ਰਸ ਹੀਣੇ

ਰਾਗ ਨਾਦ ਛੋਡਿ ਹਰਿ ਸੇਵੀਐ,
ਤਾ ਦਰਗਹ ਪਾਈਐ ਮਾਨੁ।।
ਪੁਨਾ-ਨ ਭੀਜੈ ਰਾਗੀ ਨਾਦੀ ਬੇਦਿ।।

ਸੋ ਪੰਚਮ ਪਾਤਸ਼ਾਹ ਜੀ ਨੇ ਗੁਰਬਾਣੀ ਦਾ ਉਚਾਰਨ ਇਲਾਹੀ ਕੀਰਤਨ-ਨਾਦ ਦੀ ਧੁਰੋਂ ਬਣੀ ਬਣਾਈ ਵਿਉਂਤ ਵਿਚ ਕੀਤਾ, ਤੇ ਏਸ ਦਾ ਉਚਾਰਨ ਓਦੋਂ ਹੋਇਆ ਜਦ ਕਿ ਬਾਣੀ ਹੁਕਮ ਏਜ਼ਦੀ (ਅਕਾਲੀ) ਅੰਦਰ ਧੁਰੋਂ ਆਈ।

(ਪੁਸਤਕ'ਗੁਰਮਤਿ ਲੇਖ' ਵਿਚੋਂ)

# ਹੋਲੀ ਦਾ ਫੁਲ

(ਭਾਈ ਨੰਦ ਲਾਲ ਸਿੰਘ ਜੀ ਦੀ ਫਾਰਸੀ ਗਜ਼ਲ ਦਾ ਪੰਜਾਬੀ ਰੂਪ)

ਹੋਲੀ ਦਾ ਫੁੱਲ ਜਗਤ ਬਾਗ ਵਿਚ, ਲਪਟਾਂ ਮਹਿਕਾਂ ਭਰਿਆ।
ਕਲੀਆਂ ਵਰਗੇ ਬੁੱਲ੍ਹਾਂ ਨੂੰ ਜਿਸ, ਮਹਿਕਾਇਆ ਕਰ ਹਰਿਆ।।੧।।
ਮੁਸ਼ਕੰਬਰ ਕਸਤੂਰੀ ਵਾਂਙਰ, ਖ਼ੁਸ਼ੀ ਗੁਲਾਬ ਮਨਾਈ।
ਹਰ ਪਾਸੇ ਤੋਂ ਛਹਿਬਰ ਰਲ ਕੇ, ਮੀਂਹ ਦੇ ਵਾਂਙੂ ਆਈ।।੨।।
ਕੇਸਰ ਦੀ ਪਿਚਕਾਰੀ ਦੱਸੇ, ਵਾਹ ਵਾਹ ਖੇਡ ਨਿਆਰੀ।
ਹਰ ਬੇਰੰਗ ਵਸਤੁ ਨੂੰ ਰੰਗ ਕੇ, ਦਏ ਸੁਗੰਧ ਪਿਆਰੀ ।। ੩।।
ਨਾਲ ਮੁਬਾਰਕ ਹੱਥਾਂ ਮੁਰਸ਼ਦ, ਖ਼ੂਬ ਗੁਲਾਲ ਉਡਾਇਆ।।
ਕੀਤੇ ਭੌਂ ਅਸਮਾਨ ਸਰਖ਼ੂ, ਦਿਲ ਦਾ ਰੰਗ ਬਰਸਾਇਆ ।।੪।।
ਸ਼ਹਿਨਸ਼ਾਹ ਮੇਰੇ ਨੇ ਗਲ ਜਾਂ, ਰੰਗਿਆ ਚੋਲਾ ਪਾਇਆ ।
ਦੋਵੇਂ ਲੋਕ ਰੰਗੀਲੇ ਹੋ ਗਏ, ਰੂਹ ਜਾਪੇ ਨਸ਼ਿਆਇਆ।।੫।।
ਜਿਸ ਨੇ ਪਾਕ ਦੀਦਾਰ ਮਾਹੀ ਦਾ, ਕਿਸੇ ਸਮੇਂ ਕਰ ਲੀਤਾ।
ਨਫ਼ਾ ਹਯਾਤੀ ਦਾ ਉਸ ਬੰਦੇ, ਰੱਜ ਪ੍ਰਾਪਤ ਕੀਤਾ।। ੬।।
'ਗੋਇਆ' ਦੀ ਇਹ ਦਿਲੀ ਤਮੰਨਾ, ਦਮ ਦਮ ਇਹੋ ਧਿਆਵੇ।
ਸਾਧ ਸੰਗਤ ਦੀ ਚਰਨ-ਧੂੜ ਤੋਂ, ਤਨ ਮਨ ਸਦਕੇ ਜਾਵੇ।।੭।।

(ਸ: ਵਿਧਾਤਾ ਸਿੰਘ ਜੀ 'ਤੀਰ')



www.AKJ.Org

# ਮਾਸ ਸ਼ਰਾਬ ਸੇਵਨ ਤੇ ਹੋਰ ਕੁਰੀਤੀਆਂ ਦੀ ਕੁਵਾਦੀ ਪੰਥ ਵਿਚ ਕਦੋਂ, ਕਿਵੇਂ ਤੇ ਕਿਥੋਂ ਆਈ ?

(ਵਲੋਂ-ਜੇ.ਪੀ. ਸੰਗਤ ਸਿੰਘ ਜੀ,)

ਸਿਖ ਧਰਮ ਨੂੰ ਕਮਜ਼ੋਰ ਕਰਨ ਅਤੇ ਇਸ ਵਿਚ ਤ੍ਰੇੜਾਂ ਪਾਉਣ ਦੀ ਜਿਹੜੀ ਸਾਜ਼ਸ਼ ਸਭ ਤੋਂ ਪਹਿਲਾਂ ਸਤਿਗੁਰੂ ਸ੍ਰੀ ਅਮਰਦਾਸ ਸਾਹਿਬ ਜੀ ਨੇ ਭਾਂਪੀ ਤੇ ਕੌਮ ਨੂੰ ਇਸ ਤੋਂ ਬਚ ਕੇ ਰਹਿਣ ਦੀ ਤੰਬੀਹ ਕੀਤੀ:-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੁ ਗਾਵਹੁ ਸਚੀ ਬਾਣੀ।।
ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆ ਸਿਰਿ ਬਾਣੀ......।।੨੩।।
ਸਤਿਗੁਰੂ ਬਿਨਾ ਹੋਰੁ ਕਚੀ ਹੈ ਬਾਣੀ।।
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।।....।।੨੪।।
(ਰਾਮਕਲੀ ਮ: ੩-੯੨੦)

ਨਾਨਕ-ਨਾਮੁ ਹੇਠਾਂ ਕਚੀ ਬਾਣੀ ਤੀਜੇ ਪਾਤਿਸ਼ਾਹ ਦੇ ਸਮੇਂ ਹੋਣੀ ਅਰੰਭ ਹੋ ਗਈ ਸੀ, ਜਿਸਨੇ ਪੰਜਵੇਂ ਸਤਿਗੁਰੂ ਜੀ ਦੇ ਸਮੇਂ ਉਗਰ ਰੂਪ ਧਾਰਨ ਕਰ ਲਿਆ ਤਾਂ ਸਤਿਗੁਰੂ ਜੀ ਨੇ *"ਸੱਚੀ ਬਾਣੀ"* ਨੂੰ ਸੁੱਰਖਿਅਤ ਕਰਨ ਲਈ ਅਤੇ ਕਚੀ ਬਾਣੀ ਦੀ ਮਿਲਾਵਟ ਤੋਂ ਬਚਾਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰ ਦਿਤੀ।

ਹੁਣ ਪੰਥ-ਦੋਖੀ ਭਾਵਨਾਵਾਂ ਦਾ ਬਾਣੀ ਨੂੰ ਵਿਗਾੜ ਸਕਣ ਦੀਆਂ ਇਛਾਵਾਂ ਤੇ ਤਾਂ ਗੜੇਮਾਰ ਹੋ ਗਈ, ਜਿਸ ਕਰਕੇ ਇਹ ਹੋਰ ਹੋਰ ਪਾਸੇ ਵਲ ਰੁਚਿਤ ਹੋਈਆ, ਜਿਵੇਂ ਸੁਲਹੀ ਨੂੰ ਪ੍ਰੇਰ ਕੇ ਪੰਜਵੇਂ ਸਤਿਗੁਰੂ ਜੀ ਉਤੇ ਚੜ੍ਹਾ ਲਿਆਉਣਾ, ਛੇਵੇਂ ਸਤਿਗੁਰੂ ਜੀ ਨੂੰ ਜਦੋਂ ਅਜੇ ਕੁਛੜ ਦੇ ਬਾਲਕ ਸਨ, ਜ਼ਹਿਰ ਦੇਣ ਦਾ ਯਤਨ ਕਰਨਾ, ਪੰਜਵੇਂ ਸਤਿਗੁਰੂ ਜੀ ਦੀ ਸ਼ਹੀਦੀ ਵਿਚ ਵਿਤੋਂ ਵੱਧ ਯਤਨ ਕਰਨਾ, ਨੌਵੇਂ ਸਤਿਗੁਰੂ ਜੀ ਦੇ ਪਰਗਟ ਹੋਣ ਤੋਂ ਪਹਿਲਾਂ ੨੨ ਮੰਜੀਆਂ ਲਾ ਕੇ ਸੰਗਤਾਂ ਨੂੰ ਗੁਮਰਾਹ ਕਰਨਾ, ਨੌਵੇਂ ਸਤਿਗੁਰੂ ਜੀ ਉਤੇ ਬੰਦੂਕ ਦਾ ਵਾਰ ਕਰਨਾ, ਪੰਜਵੇਂ ਸਤਿਗੁਰੂ ਸਮੇਂ ਮਿਹਰਬਾਨ ਜੀ ਤੇ ਹਿੰਦਾਲ ਵਲੋਂ ਗੁਰੂ ਨਾਨਕ ਪਾਤਿਸ਼ਾਹ ਦੀਆਂ ਜਨਮ ਸਾਖੀਆਂ ਪਹਿਲੀ ਵੇਰ ਤਿਆਰ ਕਰਨੀਆਂ ਆਦਿ। ਇਸ ਸਭ ਕੁਝ ਦੇ ਨਾਲ ਨਾਲ ਹੋਰ ਵੀ ਕਈ ਪ੍ਰਕਾਰ ਦੇ ਯਤਨ ਪੰਥ ਨੂੰ ਕਮਜ਼ੋਰ ਕਰਨ ਲਈ ਸਮੇਂ ਸਮੇਂ ਕੀਤੇ ਜਾਂਦੇ ਰਹੇ, ਪਰ ਸਤਿਗੁਰੂ ਸਾਹਿਬਾਨ ਦੇ ਜੀਵਨ ਕਾਲ ਵਿਚ ਉਹਨਾਂ ਨੂੰ ਆਪਣੀਆ ਕੁੱਟਲ ਨੀਤੀਆਂ ਵਿਚ ਪੂਰਨ ਤੌਰ ਤੇ ਸਫਲਤਾ ਪ੍ਰਾਪਤ ਨਾ ਹੋ ਸਕੀ। ਅੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾ ਜਾਣ ਪਿਛੋਂ ਇਕ ਪੁਸਤਕ *"ਪ੍ਰੇਮ ਸੁਮਾਰਗ ਗ੍ਰੰਥ"* ਇਸੇ ਪੰਥ-ਦੋਖੀ ਜੁੰਡਲੀ ਵਲੋਂ ਪ੍ਰਕਾਸ਼ਤ ਕੀਤਾ ਗਿਆ। ਇਸ ਪੁਸਤਕ ਨੂੰ ਸਤਿਗੁਰੂ, ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਪ੍ਰਸਿਧ ਕੀਤਾ ਗਿਆ, ਇਸ ਦੇ ਕਰਤਾ ਦੇ ਨਾਉਂ ਦੀ ਥਾਂ *"ਮੁਖਵਾਕ ਪਾਤਿਸ਼ਾਹੀ ੧੦"* ਲਿਖਿਆ ਗਿਆ ਅਤੇ ਪੂਰਨ ਚਾਤਰੀ ਨਾਲ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਦੇ ਤੌਰ ਤੇ ਪ੍ਰਚਲਤ ਕਰ ਦਿਤਾ ਗਿਆ।

ਇਹ ਸਮਾਂ ਉਹ ਸੀ ਜਦੋਂ ਕਿ ਸਿਖ, ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿਛੋਂ ੬੦-੭੦ ਸਾਲ ਦੇ ਸਖਤ ਸੰਘਰਸ਼ ਪਿਛੋਂ, ਪੰਜਾਬ ਵਿਚ ਸਤਾ ਵਿਚ ਆ ਰਹੇ ਸਨ। ਬੜੇ ਹੀ ਚਿਰ ਪਿਛੋਂ ਸਿਖਾਂ ਨੂੰ ਆਪਣੇ ਦੇਸ਼ ਵਿਚ ਆਜ਼ਾਦ ਵਾਤਾਵਰਨ ਵਿਚ ਸੁਖ ਦਾ ਸਾਹ ਲੈ ਸਕਣਾ ਨਸੀਬ ਹੋ ਰਿਹਾ ਸੀ। ਸਿੱਖ ਏਹਨੀਂ ਦਿਨੀਂ ਪੰਜਾਬ ਦਾ ਰਾਜ ਕਾਜ ਸੰਭਾਲ ਰਹੇ ਸਨ। ਇਹਨਾਂ ਕੋਲ ਹੁਣ ਪੈਸਾ ਸੀ, ਤਾਕਤ ਸੀ, ਵਸੀਲੇ ਸਨ। ਇਸ ਸਭ ਕੁਝ ਦੇ ਹੁੰਦਿਆਂ ਉਹਨਾਂ ਨੂੰ ਕਈ ਸਾਲਾਂ ਦੇ ਸੰਘਰਸ਼ ਦੀ ਥਕਾਵਟ ਲਾਹ ਸਕਣ ਲਈ ਐਸ਼ ਇਸ਼ਰਤ ਕਰਨ ਦੀ ਉਤਸਕਤਾ ਸੀ। ਖੁਲ੍ਹ ਪ੍ਰਾਪਤੀ ਦੀ ਇੱਛਾ ਸੀ, ਪਰ ਇਹ ਸਭ ਕੁਝ ਗੁਰਮਤਿ ਅਨਕੂਲ ਜੀਵਨ-ਜ਼ਾਬਤਿਆਂ ਅਤੇ ਸਿਖੀ ਰਹਿਤ ਮਰਯਾਦਾ ਵਿਚ ਰਹਿ ਕੇ ਨਹੀਂ ਸੀ ਪ੍ਰਾਪਤ ਕੀਤਾ ਜਾ ਸਕਦਾ।

ਇਸ ਸਮੇਂ ਤੋਂ ਪੰਥ-ਦੋਖੀਆਂ ਨੇ ਲਾਭ ਉਠਾਂਦੇ ਹੋਏ ਇਹ ਪ੍ਰੇਮ ਸੁਮਾਰਗ ਗ੍ਰੰਥ ਲਿਆ ਪ੍ਰਕਾਸ਼ਿਤ ਕੀਤਾ। ਇਹ ਗ੍ਰੰਥ ਐਸ਼-ਪ੍ਰਸਤਾਂ ਨੂੰ ਹਰ ਪ੍ਰਕਾਰ ਦੀ ਖੁਲ੍ਹ ਤੇ ਐਸ਼ੋ ਇਸ਼ਰਤ ਦੀ ਆਗਿਆ ਦੇਂਦਾ ਸੀ। ਇਸ ਅਨੁਸਾਰ ਜੀਵਨ ਦੇ ਹਰ ਪ੍ਰਕਾਰ ਦੇ ਮੌਜ-ਮੇਲੇ ਮਾਣ ਸਕਣ ਦੀ ਸੁਤੰਤ੍ਰਤਾ ਸੀ। ਇਹੋ ਹੀ ਉਸ ਵੇਲੇ ਦੇ ਮਾਇਆ ਤੇ ਤਾਕਤ ਵਿਚ ਅੰਨ੍ਹੇ ਹੋਏ ਸਿਖ ਸਰਦਾਰਾਂ ਦੀ ਲੋੜ ਸੀ। ਅੰਨ੍ਹਾ ਕੀ ਮੰਗੇ ਦੋ ਅਖੀਆਂ। ਇਹ ਗ੍ਰੰਥ ਸਹਿਜੇ ਹੀ ਉਦੋਂ ਪ੍ਰਚਲਿਤ ਅਤੇ ਪ੍ਰਵਾਨਿਤ ਹੋ ਗਿਆ। ਸ਼ਾਇਦ ਕੋਈ ਹੋਰ ਸਮਾਂ ਹੁੰਦਾ ਤਾਂ ਇਹੋ ਜਿਹੀ ਪੁਸਤਕ ਸਹਿਜੇ ਹੀ ਸਰਬ ਪ੍ਰਵਾਨ ਨਾ ਹੋ ਸਕਦੀ ਅਤੇ ਪੂਰੀ ਦੀ ਪੂਰੀ ਕੌਮ ਇਸ ਨਾਲ ਪਥ-ਭ੍ਰਿਸ਼ਟ ਨਾ ਹੁੰਦੀ।

ਇਹ ਪੁਸਤਕ ਆਪਣੀ ਸਮਿਗ੍ਰੀ ਅਤੇ ਲਿਖਤਾਂ ਤੋਂ ਹੀ ਸਾਫ ਤੌਰ ਤੇ ਪ੍ਰਮਾਣਿਤ ਕਰਦੀ ਹੈ ਕਿ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਬਿਲਕੁਲ ਨਹੀਂ, ਸਗੋਂ ਸਤਿਗੁਰੂ ਜੀ ਦੇ ਜੀਵਨ ਤੋਂ ਪਿਛੋਂ, ਤੇ ਬਹੁਤ ਪਿਛੋਂ ਲਿਖੀ ਗਈ ਹੈ।

ਇਸ ਸੰਬੰਧੀ ਭਾ: ਕਾਹਨ ਸਿੰਘ ਜੀ ਨਾਭਾ



www.AKJ.Org

ਲਿਖਦੇ ਹਨ :-

ਇਸ ਪੁਸਤਕ ਦੇ ਆਦਿ ਵਿਚ *"ਸ੍ਰੀ ਮੁਖਵਾਕ ਪਾਤਿਸ਼ਾਹੀ ੧੦"* ਲਿਖਿਆ ਹੈ, ਪਰ ਇਹ ਕਿਸੇ ਪ੍ਰੇਮੀ ਸਿਖ ਦੀ ਰਚਨਾ ਹੈ ਜੋ ੧੮੮੦ ਅਥਵਾ ੧੮੮੫ ਬਿਕ੍ਰਮੀ ਵਿਚ ਲਿਖੀ ਗਈ ਹੈ।

(ਗੁਰਮਤਿ ਸੁਧਾਕਰ, ਪੰਨਾ ੪੪੫)

ਸ: ਰਣਧੀਰ ਸਿੰਘ ਜੀ ਰੀਸਰਚ ਸਕਾਲਰ ਦਾ ਵਿਚਾਰ ਹੈ :-

ਇਹ ਗ੍ਰੰਥ ਸੰਮਤ ੧੭੬੫ ਤੇ ੧੮੧੬ ਬਿਕ੍ਰਮੀ (੧੭੦੮-੧੭੫੯) ਵਿਚਕਾਰ ਦਾ ਹੀ ਲਿਖਿਆ ਸਹੀ ਹੁੰਦਾ ਹੈ।

(ਪ੍ਰੇਮ ਸੁਮਾਰਗ ਸੰਪਾਦਕੀ ਪੰਨਾ-੧੦)

ਭਾ: ਸਾਹਿਬ ਭਾ: ਕਾਹਨ ਸਿੰਘ ਜੀ ਦਾ ਵਿਚਾਰ ਹੈ ਕਿ ਇਹ ਕਿਸੇ ਪ੍ਰੇਮੀ ਸਿਖ ਦੀ ਕ੍ਰਿਤ ਹੈ, ਪਰ ਸਾਡਾ ਵਿਸ਼ਵਾਸ਼ ਹੈ ਕਿ ਇਹ ਕਿਸੇ ਪੰਥ-ਦੋਖੀ ਤੇ ਪੰਥ-ਧ੍ਰੋਹੀ ਸਿਖ ਦੀ ਸਾਜ਼ਸ਼ ਹੈ, ਜਿਹੜੀ ਕਿ ਉਸ ਨੇ ਸਮੁੱਚੇ ਪੰਥ ਨੂੰ ਅਹਾਰ-ਭ੍ਰਿਸ਼ਟ ਕਰਨ ਲਈ ਇਹ ਚਾਲ ਚਲੀ ਹੈ ਅਤੇ ਆਪਣਾ ਨਾਉਂ ਲਿਖਣ ਦੀ ਦਲੇਰੀ ਨ ਕਰਦੇ ਹੋਏ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਉਂ ਨਾਲ ਮਨਸੂਬ ਕਰਕੇ ਇਸ ਸਾਜ਼ਸ਼ ਵਿਚ ਪੂਰੇ ਪੰਥ ਨੂੰ ਗ੍ਰਸ ਸਕਣ ਦਾ ਯਤਨ ਕੀਤਾ ਹੈ। ਇਹ ਸਜਣ ਗੁਰੂ ਅਥਵਾ ਗੁਰੂ ਘਰ ਜਾਂ ਪੰਥ ਦਾ ਪ੍ਰੇਮੀ ਤਾਂ ਨਹੀਂ ਹੋ ਸਕਦਾ, ਹਾਂ ਗੁਰੂ-ਦੋਖੀ ਜਾਂ ਪੰਥ-ਧ੍ਰੋਹੀ ਧੜੇ ਦਾ ਪ੍ਰੇਮੀ ਹੋ ਸਕਦਾ ਹੈ।

ਲਿਖਾਰੀ ਦੀ ਬਦਨੀਯਤੀ ਦਾ ਸਭ ਤੋਂ ਵਡਾ ਸਬੂਤ ਤਾਂ ਇਹ ਹੈ ਕਿ ਉਸਨੇ ਇਸਦੇ ਕਰਤਾ ਦੇ ਤੌਰ ਤੇ ਆਪਣਾ ਨਾਉਂ ਨਾ ਦੇ ਕੇ *"ਸ੍ਰੀ ਮੁਖਵਾਕ ਪਾਤਿਸ਼ਾਹੀ ੧੦"* ਲਿਖਿਆ ਹੈ। ਇਹ ਇਨ ਬਿਨ ਉਹੋ ਜਿਹੀ ਹੀ ਸਾਜ਼ਸ਼ ਹੈ ਜਿਹੋ ਜਿਹੀ ਨਾਨਕ ਨਾਉਂ ਹੇਠਾਂ ਬਾਣੀ ਰਚਣ ਦੀ ਉਸ ਤੋਂ ਪਹਿਲਾਂ ਕੀਤੀ ਗਈ ਸੀ।

ਅਸੀਂ ਇਸ ਪੁਸਤਕ ਦੀ ਲਿਖਤ ਦੀਆਂ ਕੁਝ ਇਕ ਵੰਨਗੀਆਂ ਅੰਕਿਤ ਕਰਦੇ ਹਾਂ। ਇਹਨਾਂ ਨੂੰ ਪੜ੍ਹ ਕੇ ਪਾਠਕ ਆਪ ਹੀ ਅਨੁਮਾਨ ਲਗਾ ਲੈਣ ਕਿ ਲਿਖਤ ਦਸਮ ਪਾਤਿਸ਼ਾਹ ਦੀ ਹੋ ਸਕਦੀ ਹੈ ? ਅਤੇ ਕੀ ਇਹ ਰਚਨਾ ਪੰਥ ਨੂੰ ਆਚਰਨ-ਹੀਨ, ਮਰਯਾਦਾ-ਹੀਨ ਅਤੇ ਗੁਮਰਾਹ ਕਰਨ ਲਈ ਨਹੀਂ ਕੀਤੀ ਗਈ ?

ਪੰਨਾ ੧:

ਅਰੁ ਮੈ ਜੋ ਹੌਂ ਪਰਮ ਪੁਰਖੁ,
ਸੋ ਸਭਿ ਘਟਿ ਬਿਖੈ ਬਿਆਪ ਰਿਹਾ ਹੌਂ।।

ਸਤਿਗੁਰੂ ਜੀ ਨੇ ਆਪਣੇ ਆਪ ਨੂੰ *'ਪਰਮ ਪੁਰਖ ਕੋ ਦਾਸ'* ਆਖਿਆ ਹੈ ਕਦੇ ਵੀ ਪਰਮ ਪੁਰਖ ਨਹੀਂ ਆਖਿਆ, ਸਗੋਂ ਤਾੜਨਾ ਕੀਤੀ ਹੈ ਕਿ *"ਜੋ ਮੋਕਉ ਪਰਮੇਸਰ ਉਚਰ ਹੈ। ਤੇ ਸਭ ਨਰਕ ਕੁੰਡ ਮੇਂ ਪਰ ਹੈ।"* ਪਰ ਇਹ ਲਿਖਤ ਸ਼ਰਾਸਰ ਸਤਿਗੁਰੂ ਜੀ ਦੇ ਵਿਚਾਰਾਂ ਦੇ ਵਿਰੁਧ ਹੈ।

ਪੰਨਾ ੨੪-ਬੱਚੇ ਦੇ ਜਨਮ ਸੰਸਕਾਰ ਸੰਬੰਧੀ ਸਤਵੇਂ ਦਿਨ ਦੀ ਰਸਮ ਇਸ ਪ੍ਰਕਾਰ ਲਿਖੀ ਹੈ-

ਫੇਰਿ ਮਾਤਾ ਕੀ ਗੋਦ ਬਿਖੈ ਬਿਠਾਇ।
ਕੜਾਈ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਕੀ ਕਰੇ ਜਤਾ ਸਕਤਿ। ਸਤ ਬੀੜੇ ਪਾਨਾਂ ਦੇ, ਨਾਲੀਏਰ, ਅਉਰ ਜਤਾ ਸਕਤਿ ਭੇਟ ਰਖੇ।...... ਫੇਰਿ ਬਾਲਕ ਨੂੰ ਮਾਤਾ ਦੀ ਗੋਦ ਚੋਂ ਲੈ ਕੇ ਪੜਦੇ ਤੇ ਬਾਹਰਿ ਕਰੇ, ਕਪੜੇ ਹਥਿਆਰੁ ਸਮੇਤ। ਅਰੁ ਕੰਨ ਛੇਦੇ, ਦੁਰ ਪਾਏ-ਸੁਇਨੇ ਕੇ ਅਥਵਾ ਰੁਪੇ ਕੇ ਦੁਰ (ਬੁੰਦੇ ਅਥਵਾ ਨਤੀਆਂ) ਸੋ ਕੰਨ ਛੇਦਿ ਪਾਇ....

(ਨੱਕ ਕੰਨ ਛੇਦਣੇ ਅਤੇ ਗਹਿਣੇ ਪਾਉਣੇ ਸਿਖ ਧਰਮ ਵਿਰੋਧੀ ਮਰਯਾਦਾ ਹੈ। ਅੰਮ੍ਰਿਤ ਪਾਨ ਕਰਾਣ ਵੇਲੇ ਗਹਿਣੇ ਅਜ ਵੀ ਲੁਹਾ ਦਿਤੇ ਜਾਂਦੇ ਹਨ ਅਤੇ ਕੋਈ ਵੀ ਨੱਕ ਕੰਨ ਛੇਕਿਆ ਸਜਣ ਅੰਮ੍ਰਿਤ ਪ੍ਰਚਾਰਕਾਂ (ਪੰਜਾਂ ਪਿਆਰਿਆਂ) ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ।)

ਪੰਨਾ ੨੫ :-

ਪੁਤਰੀ ਕੇ ਜਨਮ ਕੀ ਬਿਧਿ-
ਪਾਹੁਲ ਖੰਡੇ ਕਾ ਦੇਵੇ, ਨਾਮ ਰਖੇ "ਦੇਵੀ" ਨਾਮਾ।।
ਨੱਕ, ਕੰਨ ਛੇਦੇ।।੫।।

(ਸਿਖ ਧਰਮ ਵਿਚ ਕੁੜੀਆਂ ਦੇ ਨਾਉਂ *"ਕੌਰ"* ਸ਼ਬਦ ਨਾਲ ਰਖੇ ਜਾਦੇ ਹਨ, *"ਦੇਵੀ"* ਨਾਲ ਨਹੀਂ)

ਪੰਨਾ ੨੮ :- ਸ਼ਾਦੀ ਸੰਬੰਧੀ ਲਿਖਿਆ ਹੈ-

ਅਰੁ ਪਹਰ ਰਾਤਿ ਰਹੰਦੀ
ਅੰਮ੍ਰਿਤ ਵੇਲੇ ਸੰਜੋਗ ਬਿਧੀ ਕਰੀਐ।
ਪਹਲੇ ਤਾਂ ਜਿਮੀਨ ਉਪਰਿ ਮਿਟੀ ਕਾ ਪੋਚਾ ਦੇਇ।
ਤਿਸ ਦੇ ਮੱਧਿ ਸਵਾ ਗਜ ਲੰਬਾ, ਪਾਉ ਗਜ ਚੌੜਾ,
ਪਾਉ ਗਜ ਡੂੰਘਾ ਟੋਵਾ ਦੇਵੇ।
ਅਰੁ ਦੁਇ ਚਉਕੀਆਂ ਕਾਠ ਦੀਆਂ ਲੈ ਆਵੇ।
ਇਕ ਚੌਂਉਕੀ ਦੱਖਣਿ ਦਿਸ਼ਾ ਵਲ,
ਅਰੁ ਇਕ ਉਤ੍ਰ ਦਿਸ਼ਾ ਵਲਿ ਰਖੇ।
ਵਿਚਿ ਦੁਹਾਂ ਚਉਕੀਆਂ ਕੇ ਉਹ ਟੋਆ ਹੋਵੇ।।੨।।........

ਪੰਨਾ ੨੯:-

ਚਤਰੁਥ ਬਚਨ ਲੜਕੇ ਕੀ ਬਿਧੀ
-ਲੜਕੇ ਕਉ ਚਾਰ ਦਿਨ ਅਗੇ ਸੰਜੋਗ ਕੇ,
ਮਾਸ ਕਾ ਅਹਾਰ ਦੇਵੇ-ਬਕਰੇ ਕਾ
-ਗੋਹੂੰ ਕੇ ਫੁਲਕੇ ਸਾਥ,
ਮਧਿਆਨ (ਦੁਪਹਿਰ) ਦਿਨ ਮੇ।


www.AKJ.Org

ਰਾਤਿ ਕਉ ਦੁੱਧ ਜੇਤਾ ਕੁ ਪਚੇ, ਪਿਲਾਵੈ।
ਅਤੇ ਪਾਨ, ਜਾਇਫਲ, ਜਾਵਿਤ੍ਰੀ, ਲੌਂਗ ਮੁਸ਼ਕ
ਲਾਇਚੀ ਛੋਟੀ ਡਾਲ ਕੇ ਬੀੜੇ ਅੰਦਰਿ,
ਦਸ ਬੀੜੇ ਖਿਲਾਵੈ,
ਰਾਤਿ ਦਿਨ ਵਿਚਿ।।੧।।

(ਇਸ ਲਿਖਤ ਰਾਹੀਂ ਵਿਆਹ ਸਮੇਂ ਹਿੰਦੂ ਰੀਤੀ ਹੀ ਸਿਖਾਂ ਵਿਚ ਪ੍ਰਚਲਤ ਰਖਣ ਦਾ ਯਤਨ ਕੀਤਾ ਗਿਆ ਹੈ ਅਤੇ ਲੜਕੇ ਲਈ ਮਾਸ ਤੇ ਪਾਨ ਆਦਿ ਖਾਣਾ ਜ਼ਰੂਰੀ ਦਸਿਆ ਹੈ। ਵਿਆਹ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦੀ ਬਜਾਏ ਹਵਨ ਕੁੰਡ (ਟੋਆ) ਰਾਹੀਂ ਹੀ ਕਰਨਾ ਦਰਸਾਇਆ ਹੈ। ਇਹ ਸਭ ਬ੍ਰਾਹਮਣੀ ਰਿਵਾਜ ਹੈ।)

ਪੰਨਾ ੩੧:-

ਦਿਨ ਨੂੰ ਅੱਗੇ ਹੀ ਭੋਜਨ ਮਾਸ ਕਾ ਮਸਾਲਿਆਂ ਨਾਲ ਕਰੇ। ਅਰੁ ਬੀੜੇ ਮਸਾਲਿਆਂ ਆਲੇ ਚਬੇ ।।੧੦।।

ਅਰੁ ਜਉਨ ਜਗਹ ਗਭਰੂ ਕੀ ਬੈਠ ਨੇ ਕੀ ਸਾਹੁਰੇ ਕੇ
ਲੋਕ ਮੁਕਰਰ ਕਰਨਿ, ਉਥੇ ਸਭ ਜਾਇ ਬੈਠਨਿ,
ਅਨੰਦ ਸ਼ਬਦ ਬਾਣੀ ਗਾਵਣਿ,ਇਕ ਸੁਣਨਿ।।੧੫।।
ਅਰ ਜਿਥੇ ਗਭਰੂ ਬੈਠੇ,
ਉਥੇ ਅਗਰ ਖੁਸ਼ਬੂਈ ਦੀ ਧੂਪ ਦੇਂ ਦੇ ਰਹਿਨ।।੧੬।।
ਗਭਰੂ ਮਸਾਲਿਆਂ ਨਾਲ ਬੀੜੇ ਚਬਵੰਦਾ ਰਹੇ।
ਸ਼ਬਦ ਸੁਨਤਾ ਰਹੈ।
ਤਾਂ ਇਸ ਦੇ ਸਭ ਮਨੋਰਥ ਰਾਸ ਹੋਵਨਿ।।੧੭।।੪।।

(ਸੰਗਤ ਵਿਚ ਬੈਠ ਕੇ ਪਾਨ ਖਾਣ ਦੀ ਪ੍ਰੇਰਨਾ ਹੈ।)

ਪੰਨਾ ੩੪:-

ਫੇਰਿ ਬੈਸੰਤ੍ਰ, ਪਲਾਸ ਕੀ ਲਕੜੀ ਨਾਲਿ,
ਉਸ ਟੋਏ ਵਿਚਿ ਪ੍ਰਚੰਡ ਕਰੇ, ਘਿਓ ਨਾਲਿ।
ਅਰੁ ਕਹੈ-ਏ ਬੈਸੰਤ੍ਰ ਦੇਵਤਾ !
ਏ ਸ੍ਰੀ ਭਗਉਤੀ ਜੀ ! ਏ ਸ੍ਰੀ ਖਾਲਸਾ ਜੀ !
ਸ੍ਰੀ ਗੁਰੂ ਅਕਾਲ ਪੁਰਖ ਦੀ ਆਗਿਆ ਸੋਂ,
ਅਮਕੇ ਕੀ ਪੁਤ੍ਰੀ , ਅਮਕੇ ਦੀ ਪੋਤ੍ਰੀ ,ਅਮਕਾ ਨਾਮ,
ਅਮਕਾ ਰੰਗ ਬਰਨ, ਅਮਕੇ ਕੇ ਪੁਤ੍ਰ ਪੋਤ੍ਰੇ....।।੧੫।।

(ਪੂਰਨ ਤੌਰ ਤੇ "ਬਿਪ੍ਰਨ ਕੀ ਰੀਤੀ" ਅਪਨਾਣ ਦੀ ਰਹੱਸਕ ਪ੍ਰੇਰਨਾ ਹੈ, ਜਿਸਨੂੰ ਸਤਿਗੁਰੂ ਜੀ ਨੇ ਆਪ ਖੰਡਨ ਕੀਤਾ ਹੈ।)

ਪੰਨਾ ੩੯ :-

ਅਸ਼ਟਮ ਬਚਨ ਸੁਹਾਗ ਰਾਤਿ ਕੀ ਬਿਧੀ
-ਬੁਰਕਾ ਟੋਪੀ ਪਰਾਂਦਾਰ ਹੋਵੇ।
ਅੱਗੇ ਮੂੰਹ ਦੇ ਜਾਲੀਦਾਰ ਹੋਵੇ,
ਐਸੀ ਤਰਹ ਹੋਵੈ: ਅੱਗੇ ਤੇ ਜਬ ਚਾਹੀਐ
ਜਾਲੀ ਡਾਰਿ ਦੀਜੈ, ਪਰਦਾ ਹੋਵੈ।
ਜਬ ਚਾਹੀਐ ਜਾਲੀ ਉਠਾਇ ਦੀਜੈ,
ਮੁਹੁ ਖੁਲ੍ਹੇ। ਇਸ ਤਰਹ ਕਾ ਬੁਰਕਾ ਹੋਵੈ।
ਅੱਗੇ ਤੇ ਜਿਉਂ ਹੁੰਦਾ ਹੈ, ਤਿਉਂ ਹੀ ਹੋਵੈ।

(ਸਿਖ ਲਈ ਟੋਪੀ ਪਾਣਾ ਸਖਤ ਮਨ੍ਹਾ ਹੈ, ਪਰ ਇਹ ਤਾਂ ਇਸਤ੍ਰੀ ਨੂੰ ਵੀ ਟੋਪੀਦਾਰ ਬੁਰਕਾ ਪਾਣ ਲਈ ਪ੍ਰੇਰਦਾ ਹੈ।)

ਪੰਨਾ ੪੦ :-

ਅਬ ਸੰਜੋਗ ਕੀ ਬਿਧਿ-ਜੁਗਤਿ-
ਅਰੁ ਪੰਜ ਬੀੜੇ ਅਥਵਾ ਇਕੀਸ ਲੌਂਗ,
ਹੱਥ ਦਾ ਛੱਲਾ ਉਸ ਇਸਤ੍ਰੀ ਕਾ ਭੇਜੀਐ।।੩।।
ਅਗੇ ਤੇ ਉਹ ਪੁਰਖ ਨੱਥ, ਮੈਲੀ, ਮਹਿੰਦੀ ਭੇਜ।।

(ਸਾਰਾ ਕੁਝ ਹੀ ਗੁਰਮਤਿ ਮਰਯਾਦਾ ਦੇ ਉਲਟ ਹੈ।)

ਪੰਨਾ ੬੭ :-

ਅਰੁ ਅਮਲ ਕੋਈ ਖਾਏ: ਜੋ ਅਰੁ ਜੇ ਕਦਾਂਚ ਖਾਏ
ਤਾਂ ਇਸ ਤਰਹਿ ਖਾਏ: ਜੋ ਅਫੀਮ ਖਾਏ,
ਤਾਂ ਵਡੇ ਮੂੰਗ ਬਰਾਬਰ, ਅੱਛੀ ਅੱਵਲ ਖਾਏ।
ਮਸਾਲਾ ਪਾਇ ਖਾਇ। ਅਰੁ ਜੋ ਮਸਾਲਾ ਨਾ ਹੋਵੈ,
ਤਾਂ ਤੀਨ ਮਾਸੇ ਬਿਜਿਆ ਘੋਟਿ ਪੀਵੈ ਸਾਦੀ ।।੪।।

ਅਮਲ ਖਾਣਾ ਮਨਾ ਹੈ .......

ਜਬ ਖਾਏ, ਤਾਂ ਯੋਂ ਖਾਏ: ਜਬ ਜਾਣੇ ਕਿ ਦੁਨੀਆ
ਕੇ ਬਿਉਹਾਰਾਂ ਤੇ ਫ਼ਾਰਗ ਹੋਇਆ ਹਾਂ,
ਅਬ ਕਿਛੁ ਕੰਮ ਨਾਹੀਂ।।੭।।
ਅਰੁ ਖਾਇ, ਤਾਂ ਛੁਪਾਇਕੇ ਖਾਏ।
ਕਿਸੇ ਉਪਰਿ ਜਾਹਰ ਨ ਕਰੇ।।੮।।
ਭਾਂਗ ਖਾਏ, ਤਾਂ ਅਢਾਈ ਮਾਸਾ ਮਸਾਲੇ ਪਾਇ
ਖਾਇ-ਲੌਂਗ,ਮਿਰਚਾਂ, ਜਾਇਫਲ, ਜਾਵਿੱਤ੍ਰੀ,
ਕੇਸਰ, ਮੁਸ਼ਕੰਬਰ ਪਾਣਾ। ਇਹ ਐਬ ਨਾਹੀ।।੯।।

(ਦਾਰੂ (ਸ਼ਰਾਬ) ਪੀਣਾ ਹੋਵੇ ਤਾਂ ਛੁਪਾ ਕੇ ਪੀਵੇ, ਰੋਕ ਨਹੀਂ ਹੈ, ਭੰਗ ਅਫ਼ੀਮ ਚੰਗੀ ਵਧੀਆ ਤੇ ਮਸਾਲੇ ਪਾ ਕੇ ਖਾਇ।)

ਪੰਨਾ ੧੩੮ :-

ਜਿਸ ਪੁਰਖ ਨੇ ਕਿਸੇ ਪੁਰਖ ਦੀ ਇਸਤ੍ਰੀ
ਘਰ ਮੇ ਪਾਈ ਹੋਇ ਅਪਨੀ ਇਸਤ੍ਰੀ
ਬਦਲੇ ਉਸ ਪੁਰਖ ਕਉ ਦੇਇ।।
ਜੇਤੇ ਦਿਨ ਵਹੁ ਰਖੇ ਇਸ ਕੀ ਇਸਤ੍ਰੀ ਕਉ,
ਉਤਨੇ ਦਿਨ ਵਹੁ ਰਖੇ।
ਅਰੁ ਜੇ ਬਦ ਕਰਮ ਕਰਕੇ ਛੋਡ ਦੇਇ,
ਅਰੁ ਜਾਹਰ ਹੋਇ,
ਤਬ ਉਸ ਕੀ ਇਸਤ੍ਰੀ ਕਉ ਭੀ


www.AKJ.Org

ਉਸੀ ਤਰਹਿ ਉਸ ਕੇ ਹਵਾਲੇ ਕਰੈ।
ਜਿਸ ਕੀ ਇਸਤ੍ਰੀ ਸਾਥ ਬਦੀ ਕੀਈ ਹੋਇ।...੬।।

(ਸੱਪਸ਼ਟ ਤੌਰ ਤੇ ਪਰ-ਨਾਰੀ ਨਾਲ ਵਿਭਚਾਰ ਕਰਨ ਦੀ ਪ੍ਰੇਰਨਾ ਹੈ।)

ਪੰਨਾ੧੩੯ :-

ਜੋ ਕੋਈ ਇਸਤ੍ਰੀ ਯਾ ਪੁਰਖੁ ਰਹਿ ਨ ਸਕੈ,
ਅਪਨੇ ਜਤ ਸਤ ਮੇ, ਪਰ ਸੰਯੋਗ ਕਰੇ,
ਭਾਵੇਂ ਕੋਈ ਜਾਤਿ ਹੋਵੈ, ਭਾਵੈਂ ਦਾਸੀ ਹੋਵੈ,
ਐਬੁ ਨਾਹੀਂ।।੧੦।।੧੧।।

(ਪਰ ਇਸਤ੍ਰੀ ਭੋਗ ਜਾਂ ਪਰ-ਪੁਰਖ ਗਮਨ ਗੁਰਮਤਿ ਦੇ ਸਖਤ ਵਿਰੁਧ ਹੈ, ਫਿਰ ਜਾਤ ਕੁਜਾਤ ਵੇਖਣ ਦੀ ਵੀ ਲੋੜ ਨਾ ਲਿਖ ਕੇ ਵਿਭਚਾਰ ਨੂੰ ਹੋਰ ਸ਼ਹਿ ਦਿਤੀ ਜਾ ਰਹੀ ਹੈ।)

ਪੰਨਾ੧੨੧ :-

ਅਰ ਏਕ ਹੀ ਇਸਤ੍ਰੀ ਕਰੈਂ।।
ਅਥਵਾ ਜੋ ਜਾਨੈ ਮੇਰੀ ਤਬੀਅਤ ਮਾਫਕ ਨਾਹੀਂ।
ਤਉ ਜ਼ਰੂਰਤ ਜਾਨ ਕੈ ਅਪਨੇ ਬਰਾਬਰ ਕੇ,
ਅਉਰ ਸੰਯੋਗ ਕਰੈ।।
ਅਰੁ ਔਲਾਦ ਪੁਤ੍ਰ ਕਰਿ ਨ ਹੋਤੀ ਹੋਵੈ,
ਤਬ ਸੰਯੋਗ ਕਰੈ। ਸਤ ਇਸਤ੍ਰੀਆਂ ਤਕ...।

("ਏਕਾ ਨਾਰੀ ਜਤੀ ਹੋਇ" ਦੀ ਸਿੱਧੀ ਵਿਰੋਧਤਾ ਹੈ ਅਤੇ ਔਲਾਦ ਲਈ ਸਤ ਇਸਤ੍ਰੀਆਂ ਕੋਲ ਅਤੇ ਇਸਤ੍ਰੀ ਸਤ ਮਰਦਾਂ ਕੋਲ-ਬਿਲਕੁਲ ਪਸ਼ੂ ਕਰਮ ਹੈ, ਮੱਨੁਖ ਕਰਮ ਨਹੀਂ ਹੈ।)

ਪੰਨਾ ੧੦੫ :-

ਮਹਾਰਾਜ ਕੋ ਚਾਹੀਏ.....।
ਅਰੁ ਪਾਤਰ ਰਖੈ,
ਜੈਸੀ ਇੰਦ੍ਰ ਕੀਆ ਮੋਹਨੀਆਂ ਹੋਤੀ ਹੈ।

ਪੰਨਾ੧੦੮ :-

ਅਰੁ ਵੇਸਵਾ-ਵਾੜਾ ਮੁਕੱਰਰ ਕਰੈ।।

ਇਹ ਕੁਝ-ਇਕ ਵੰਨਗੀਆਂ ਹਨ ਇਸ ਪ੍ਰੇਮ ਸੁਮਾਰਗ ਗ੍ਰੰਥ ਦੀਆਂ, ਜਿਸਨੂੰ "ਸ੍ਰੀ ਮੁਖਵਾਕ ਪਾਤਿਸ਼ਾਹੀ ੧੦" ਦਰਸਾਇਆਂ ਗਿਆ ਹੈ। ਇਸ ਵਿਚ ਖੁਲ੍ਹੇ ਤੌਰ ਤੇ ਪਰ-ਇਸਤ੍ਰੀ ਗਮਨ, ਹਰ ਪ੍ਰਕਾਰ ਦੇ ਨਸ਼ੇ ਭੋਗਣ ਤੇ ਵਿਭਚਾਰ ਕਰਨ ਦੀ ਖੁਲ੍ਹ ਹੈ। ਹਰ ਪ੍ਰਕਾਰ ਦਾ ਨਸ਼ਾ,ਪਾਨ, ਭੰਗ, ਅਫ਼ੀਮ, ਦਾਰੂ ਆਦਿ ਦੀ ਆਗਿਆ ਹੈ। ਇਹ ਸਭੋ ਕੁਝ ਹੀ ਗੁਰਮਤਿ ਅਤੇ ਦਸ਼ਮੇਸ਼ ਪਿਤਾ ਜੀ ਦੇ ਉਪਦੇਸ਼ਾ ਦੇ ਵਿਰੁਧ ਹੈ।

ਇਸੇ ਪੁਸਤਕ ਦੇ ਪ੍ਰਚਾਰ ਕਾਰਨ ਵੇਦੀ ਦੇ ਵਿਆਹ ਜਿਹੜੇ ਕੁਝ ਚਿਰ ਬੰਦ ਰਹੇ ਸਨ, ਫਿਰ ਤੋਂ ਅਰੰਭ ਹੋ ਗਏ ਤੇ ਸਿੰਘ ਸਭਾ ਲਹਿਰ ਤੀਕ ਪ੍ਰਚਲਤ ਰਹੇ।

ਇਸੇ ਪੁਸਤਕ ਨੇ ਹੀ ਮਾਸ ਨੂੰ ਸਭ ਤੋਂ ਪਹਿਲਾਂ "ਮਹਾਂ ਪ੍ਰਸ਼ਾਦ" ਦਾ ਨਾਉਂ ਦਿਤਾ ਅਤੇ "ਕੁੱਠੇ" ਦੇ ਮੁਕਾਬਲੇ ਵਿਚ "ਝਟਕਾ" ਸ਼ਬਦ ਸਿਖ ਸਾਹਿਤ ਵਿਚ ਲਿਆਂਦਾ। ਇਸ ਤੋਂ ਪਹਿਲਾਂ ਮਾਸ ਲਈ ਝਟਕਾ ਤੇ ਮਹਾਂ ਪ੍ਰਸ਼ਾਦ ਕਦੇ ਵੀ ਸਿਖ-ਸਾਹਿਤ ਵਿਚ ਵਰਤਿਆ ਨਹੀਂ ਸੀ ਗਿਆ।

ਇਸੇ ਪੁਸਤਕ ਦੀ ਕਿਰਪਾ ਨਾਲ ਹੀ ਸਿਖਾਂ ਵਿਚ ਮਾਸ, ਸ਼ਰਾਬ, ਵਿਭਚਾਰ, ਇਕ ਤੇ ਵਧ ਵਿਆਹ ਅਤੇ ਹੋਰ ਕਈ ਪ੍ਰਕਾਰ ਦੀਆਂ ਕੁਰੀਤੀਆਂ ਫੈਲੀਆਂ। ਜਿਸ ਦਾ ਸਿੱਟਾ ਇਹ ਹੋਇਆ ਕਿ, ਜਿਸ ਪੰਥ ਦੇ ਮਿਟਣ ਦਾ ਖਤਰਾ ਘੱਲੂਘਾਰਿਆਂ ਵਿਚ ਵੀ ਪੈਦਾ ਨਹੀਂ ਸੀ ਹੋਇਆ, ਜਦੋ ਕਿ ਇਕ ਇਕ ਦਿਨ ਵਿਚ ਪੈਂਤੀ ਪੈਂਤੀ ਚਾਲੀ ਚਾਲੀ ਹਜ਼ਾਰ ਤੇ ਪੰਦਰਾਂ ਪੰਦਰਾਂ ਹਜ਼ਾਰ ਸਿੰਘ ਸ਼ਹੀਦ ਕਰ ਦਿਤੇ ਜਾਂਦੇ ਰਹੇ ਅਤੇ ਸਿੰਘਾਂ ਦੇ ਸਿਰਾਂ ਦੇ ਮੁਲ ਪੈਂਦੇ ਸਨ ਤੇ ਸਰਕਾਰੀ ਫੌਜਾਂ ਸਿੰਘਾਂ ਨੂੰ ਢੂੰਡ ਢੂੰਡ ਕੇ ਖਤਮ ਕਰ ਰਹੀਆਂ ਸਨ, ਇਸ ਦਾ ਕਾਰਨ ਕੇਵਲ ਇਹ ਸੀ ਕਿ ਉਦੋਂ ਅਜੇ ਇਸ "ਗ੍ਰੰਥ" ਦਾ ਪ੍ਰਕਾਸ਼ ਨਹੀ ਸੀ ਹੋਇਆ ਅਤੇ ਸਿਖਾਂ ਵਿਚ ਅਜੇ ਇਸ ਦੁਆਰਾ ਫੈਲਾਈਆਂ ਕੁਰੀਤੀਆਂ ਨਹੀਂ ਸਨ ਫੈਲੀਆਂ। ਸਿੰਘਾਂ ਦੇ ਆਹਾਰ ਪਵਿਤਰ ਸਨ, ਬਿਉਪਾਰ ਪਵਿੱਤਰ ਸੀ, ਆਚਰਨ ਪਵਿਤਰ ਸਨ, ਪਰ ਇਸ ਗ੍ਰੰਥ ਦੇ ਪ੍ਰਚਾਰ ਦੇ ਤਕਰੀਬਨ ਪੰਜਾਹ ਸਾਲ ਦੇ ਅੰਦਰ ਅੰਦਰ ਸਿਖ ਰਾਜ ਦੇ ਖਤਮ ਹੁੰਦੇ ਹੀ ਪੰਥ ਦੇ ਪਤਨ ਦੀਆਂ ਨਿਸ਼ਾਨੀਆਂ ਉਜਾਗਰ ਹੋਣ ਲਗ ਪਈਆਂ, ਜਿਸਨੂੰ ਬਾਬਾ ਦਿਆਲ ਜੀ ਨਿਰੰਕਾਰੀ, ਬਾਬਾ ਰਾਮ ਸਿੰਘ ਜੀ ਨਾਮਧਾਰੀ ਅਤੇ ਸਿੰਘ ਸਭਾ ਲਹਿਰ ਦੇ ਮੋਢੀ ਮਹਾਂ ਪੁਰਸ਼ਾਂ ਨੇ ਸਮੇਂ ਠਲ੍ਹ ਪਾਈ।

ਅਜ ਫਿਰ ਪੰਥ ਦੀ ਹਾਲਤ ਜੋ ਨਿਘਰਦੀ ਦਿਸ ਰਹੀ ਹੈ ਤਾਂ ਇਸ ਦਾ ਮੁਖਤੇ ਮੂਲ ਕਾਰਨ ਇਹੋ ਹੀ ਹੈ ਕਿ ਅਜ ਫਿਰ ਪੰਥ ਅਹਾਰ-ਭਰਿਸ਼ਟ ਹੋ ਕੇ ਰਹਿ ਗਿਆ ਹੈ। ਜਿਸ ਨਾਲ ਸਾਰਾ ਤਾਣਾ ਬਾਣਾ ਹੀ ਵਿਗੜ ਗਿਆ ਹੈ। ਇਸ ਦੇ ਪੁਨਰ ਨਿਰਮਾਣ ਲਈ ਸਭ ਤੋਂ ਪਹਿਲੀ ਲੋੜ ਹੈ ਪੰਥ ਦੀ ਅਹਾਰ-ਪਵਿਤ੍ਰਤਾ ਦੀ। ਜੇ ਪੰਥ ਚੋਂ ਮਾਸ ਤੇ ਸ਼ਰਾਬ ਦੀ ਕੁਵਾਦੀ ਨੂੰ ਮੁਕਾ ਦਿਤਾ ਜਾ ਸਕੇ ਤਾਂ ਅਧਿਓਂ ਵੱਧ ਮਸਲੇ ਆਪਣੇ ਆਪ ਹੀ ਸੁਲਝ ਜਾਣਗੇ।

■■■■■■■■■


www.AKJ.Org

# ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ

(ਸ: ਬਲਵਿੰਦਰਪਾਲ ਸਿੰਘ ਜੀ,)

ਸਿੱਖੀ ਵਿਚ ਕੀਰਤਨ ਇਕ ਅਜਿਹਾ ਵਧੀਆ ਮਾਧਿਅਮ ਹੈ ਜੋ ਰੂਹ ਦੇ ਵੇਗ ਨੂੰ ਦਿਸ਼ਾ ਅਤੇ ਮੰਜ਼ਿਲ ਪ੍ਰਦਾਨ ਕਰਦਾ ਹੈ, ਮਨ ਨੂੰ ਉਸ ਦੀ ਮੂਲ ਜੋਤਿ ਵਲ ਲਿਜਾਂਦਾ ਹੈ ਤੇ ਮਨ ਅੰਦਰ ਪ੍ਰੇਮ, ਰਹੱਸ ਉਮੰਗ ਤੇ ਬਿਬੇਕ ਪੈਦਾ ਕਰਦਾ ਹੈ। ਸਿੱਖੀ ਵਿਚ ਕੀਰਤਨ ਦੀ ਪਛਾਣ ਇਹ ਹੈ ਕਿ ਕੇਵਲ ਅਕਾਲ ਪੁਰਖ ਦੀ ਕੀਰਤੀ ਅਤੇ ਉਸਦੇ ਅੰਤਰਗਤ ਆਉਣ ਵਾਲੀ ਵਿਚਾਰ ਦਾ ਹੀ ਗਾਇਨ ਹੋਵੇ।

ਗੁਰਬਾਣੀ ਨੂੰ ਉਸ ਦੀ ਭਾਵਨਾ ਦੇ ਅਨੁਕੂਲ, ਨਿਰਧਾਰਤ ਵਿਧੀ ਜਾਂ ਪ੍ਰੇਮ ਰੂਪ ਵਿਚ ਸੰਗੀਤਕ ਲੈਅ ਸੁਰ ਨਾਲ ਹਿਰਦਿਓਂ ਗਾਇਨ ਨੂੰ ਕੀਰਤਨ ਕਿਹਾ ਜਾ ਸਕਦੈ। ਕੀਰਤਨ ਨੂੰ ਪ੍ਰਧਾਨਤਾ ਇਸ ਕਰਕੇ ਦਿੱਤੀ ਗਈ ਹੈ ਕਿਉਂਕਿ ਇਸ ਨਾਲ ਬਹੁਮੁੱਖੀ ਕਾਰਜ ਸਿੱਧ ਹੁੰਦੇ ਹਨ। ਸੰਗੀਤ ਦੀ ਕਲਾ ਨਾਲ ਮਨ ਅੰਦਰ ਸੁਰਤਾ ਉਪਜਦੀ ਹੈ, ਜੀਵਨ-ਢੰਗ ਲੈਅ-ਮਈ ਬਣਦਾ ਹੈ ਤੇ ਪ੍ਰਕਿਰਤੀ ਵਿਚ ਹੋ ਰਹੀ ਸੰਗੀਤਕ ਕੀਰਤੀ ਪ੍ਰਤੀ ਰਹੱਸ ਉਪਜਦਾ ਹੈ। ਗੁਰਬਾਣੀ ਦੀ ਕਲਾ ਨਾਲ ਸੰਗੀਤ ਦੀ ਉਚੱਤਾ ਵਿਚ ਅਥਾਹ ਵਾਧਾ ਹੁੰਦਾ ਹੈ। ਜਿਥੇ ਕੋਮਲ ਭਾਵੀ ਸੱਚੀਆਂ ਪ੍ਰਵਿਰਤੀਆਂ ਟੁੰਬੀਆਂ ਜਾਂਦੀਆਂ ਹਨ ਉਥੇ ਗੁਰਬਾਣੀ ਅੰਦਰ ਮੌਜੂਦ ਸੱਚ-ਉਪਦੇਸ਼, ਚੰਗਾ ਜੀਵਨ ਜੀਉਣ ਦੀ ਪ੍ਰੇਰਨਾ ਵੀ ਕਰਦਾ ਜਾਂਦਾ ਹੈ। ਮਾਨਸਕ ਆਤਮਕ ਵਾਤਾਵਰਣ ਦਾ ਪ੍ਰਦੂਸ਼ਣ (ਮੈਲਾਪਣ), ਸ਼ੁੱਧਤਾ ਵਿਚ ਬਦਲਣ ਦੀ ਪ੍ਰਵਿਰਤੀ ਰੱਖਦਾ ਹੈ, ਕੀਰਤਨ, ਗਾਇਨ ਅਤੇ ਸਰਵਣ ਕਰਨ ਵਾਲੇ ਵਿਅਕਤੀਆਂ ਦੀ ਮਾਨਿਸਕ-ਆਤਮਕ ਅਵਸਥਾ ਦੇ ਉੱਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਪੱਧਰ ਉੱਤੇ ਕੀਰਤੀ ਕਰ ਰਹੇ ਹਨ। ਕੀਰਤਨ ਵਿਚ ਇਸ ਦਾ *'ਮਨੋਰਥ'* ਹੀ ਪ੍ਰਧਾਨ ਹੈ। ਲਾਲਚ, ਸਵਾਰਥ, ਰਸਮ, ਪਖੰਡ ਆਦਿ ਦੀਆਂ ਭਾਵਨਾਵਾਂ ਵਿਚ ਬੱਝ ਕੇ *'ਕੀਰਤਨ'* ਦੇ ਤੱਤ ਤੋਂ ਵਾਂਝੇ ਰਹਿ ਜਾਈਦਾ ਹੈ।

ਇਕ ਹੋਰ ਸਮੱਸਿਆ ਇਹ ਹੈ ਕਿ ਅਸੀਂ ਰੋਜ਼ਾਨਾ ਜ਼ਿੰਦਗੀ ਵਿਚ ਰੰਗਾਂ ਰੂਪਾਂ ਨੂੰ ਦੇਖਦੇ ਹਾਂ ਤੇ ਉਨ੍ਹਾਂ ਨਾਲ ਵਰਤਦੇ ਹਾਂ। ਮਨੁੱਖ ਤਾਂ ਰੱਬ ਨੂੰ ਵੀ ਰੰਗਾਂ ਰੂਪਾਂ ਅਤੇ ਸਥੂਲ ਰੂਪ ਵਿਚ ਦੇਖਣਾ ਚਾਹੁੰਦਾ ਹੈ। ਪਰ ਇਹ ਮਨੁੱਖੀ ਭੁੱਲ ਹੈ। ਅਕਾਲ ਪੁਰਖ ਤਾਂ ਜੋਤਿ ਸਰੂਪ ਹੈ, ਸਰਬ ਥਾਈਂ ਮੌਜੂਦ ਹੈ ਤੇ ਅਸੀਂ ਕਿਸੇ ਵੀ ਥਾਂ ਉੱਤੇ ਉਸ ਦੀ ਕੀਰਤੀ ਵਿਚ ਜੁੱਟ ਕੇ ਤੱਤ ਵਸਤੂ ਹਾਸਲ ਕਰ ਸਕਦੇ ਹਾਂ। ਗੁਰਬਾਣੀ-ਕੀਰਤਨ ਇਸ ਉਦੇਸ਼ ਦੀ ਪੂਰਤੀ ਲਈ ਨਿਰਮੋਲਕ ਤੇ ਕਲਾਮਈ ਹੈ।

ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ
ਰਾਗ ਰਤਨ ਰਸਨਾ ਆਲਾਪ॥
ਕੋਟਿ ਜਨਮ ਕੀ ਤ੍ਰਿਸਨਾ ਨਿਵਰੀ
ਰਾਮ ਰਸਾਇਣ ਆਤਮ ਧ੍ਰਾਪ ॥੧॥੮੫॥

(ਬਿਲਾਵਲੁ ਮ :੫,ਪੰਨਾ ੮੨੧)

ਜੋ ਜੋ ਕਥੈ ਸੁਨੈ ਹਰਿ ਕੀਰਤਨੁ
ਤਾ ਕੀ ਦੁਰਮਤਿ ਨਾਸੁ॥
ਸਗਲ ਮਨੋਰਥ ਪਾਵੈ ਨਾਨਕ
ਪੂਰਨ ਹੋਵੈ ਆਸ॥੨॥੧॥੧੨॥

(ਕਾਨੜਾ ਮ: ੫,ਪੰਨਾ ੧੩੦੦)

ਸਾਡੇ ਦਿਲ ਦਿਮਾਗ਼ ਉੱਤੇ ਦੁਨਿਆਵੀ ਗੱਲਾਂ ਅਤੇ ਵਿਚਾਰਾਂ ਦੀ ਪਾਣ ਰੋਜ਼ਾਨਾ ਚੜ੍ਹਦੀ ਹੈ, ਠੀਕ ਓਸੇ ਤਰ੍ਹਾਂ ਜਿਵੇਂ ਇਕ ਟੇਪ ਰਿਕਾਡਰ ਵਿਚਲੀ ਟੇਪ ਉੱਤੇ ਕੋਈ ਚੀਜ਼ ਰਿਕਾਰਡ ਹੁੰਦੀ ਹੈ। ਦੁਨਿਆਵੀ ਉਲਝਣਾ ਅਤੇ ਸੰਸਿਆਂ ਕਾਰਨ ਦੁਬਿਧਾਵਾਂ ਉਤਪੰਨ ਹੁੰਦੀਆਂ ਹਨ। ਮਨੁੱਖੀ ਮਨ ਤੋਂ ਸੰਸਾਰਕ ਵਿਚਾਰਾਂ ਦੀ ਟੇਪ ਸਾਫ਼ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਜ਼ਰੂਰੀ ਜਾਣਿਆ ਕਿ ਵੈਰਾਗ, ਪਿਆਰ, ਤਿਆਗ, ਨਿਮਰਤਾ, ਅਣਖ, ਕੁਰਬਾਨੀ, ਸੇਵਾ ਤੇ ਸਿਮਰਨ ਆਦਿਕ ਗੁਣਾਂ ਤੇ ਕਦਰਾਂ ਦੇ ਖ਼ਜ਼ਾਨੇ *'ਗੁਰਬਾਣੀ'* ਦਾ ਗਾਇਨ ਰੋਜ਼ਾਨਾ ਕੀਤਾ ਜਾਵੇ ਤੇ ਇਸ ਤਰ੍ਹਾਂ ਮਨੁੱਖੀ ਮਨ ਤੋਂ ਵਹਿਮਾਂ, ਭਰਮਾਂ, ਰੰਗਾਂ ਰੂਪਾਂ, ਸ਼ਕਲਾਂ, ਸੂਰਤਾਂ ਦਾ ਪ੍ਰਭਾਵ ਖ਼ਤਮ ਕਰ ਕੇ ਉਸਨੂੰ ਇਕ ਨਿਹਚਲ ਤੇ ਸਥਿਰ-ਸੁਚੇਤ ਅਵਸਥਾ ਵਿਚ ਲੈ ਜਾਇਆ ਜਾਵੇ। ਕੇਵਲ ਇਸੇ ਵਿਧੀ ਨਾਲ ਹੀ ਮਨੁੱਖੀ ਆਤਮਾ ਡਾਵਾਂ ਡੋਲ ਸਥਿਤੀ ਚੋਂ ਨਿਕਲ ਕੇ ਉਚੇਰੀ ਉਠ ਸਕਦੀ ਤੇ ਸਦੀਵੀ ਖ਼ੁਸ਼ੀ ਅਨੁਭਵ ਕਰ ਸਕਦੀ ਹੈ।

ਮਾਨਵੀ ਆਤਮਾ ਦੀਆਂ ਇਹਨਾਂ ਦੋ ਅਵਸਥਾਵਾਂ ਦੀ ਪ੍ਰਤੱਖ ਉਦਾਹਰਣ ਅਸੀਂ ਆਪ ਵੇਖ ਸਕਦੇ ਹਾਂ। ਜਦੋਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਜਾਈਏ ਤਾਂ ਦਰਬਾਰ ਸਾਹਿਬ ਦੀ ਹਦੂਦ ਤੋਂ ਬਾਹਰ ਦਾ ਵਾਤਾਵਰਣ ਪਹਿਲੀ ਅਵਸਥਾ ਦਾ ਸੂਚਕ ਲੱਗਦਾ ਹੈ ਅਤੇ ਦਰਬਾਰ ਸਾਹਿਬ ਪ੍ਰਕਰਮਾ ਵਿਚ ਦਾਖ਼ਲ ਹੁੰਦਿਆ ਹੀ ਅਖੰਡ ਕੀਰਤਨ ਦੀਆਂ ਲਹਿਰਾਂ ਨਾਲ ਭਰਪੂਰ ਵਾਤਾਵਰਣ ਵਿਚ ਰਚ ਕੇ ਦੂਸਰੀ ਅਵਸਥਾ ਦਾ ਬੋਧ ਹੁੰਦਾ ਹੈ। ਆਪਾ ਸੰਵਰਿਆ



www.AKJ.Org

ਹੋਇਆ ਤੇ ਨਿਰਮਲ ਲੱਗਦਾ ਹੈ। ਏਥੇ ਗੁਰੂ ਅਰਜਨ ਦੇਵ ਜੀ ਦੀ ਬਖ਼ਸ਼ਿਸ਼ ਸਦਕਾ ਸਾਨੂੰ ਕੀਰਤਨ ਦਾ ਸਿਧਾਂਤ ਅਤੇ ਸਥਾਨ ਦੋਵੇਂ ਪ੍ਰਾਪਤ ਹੋਏ ਹਨ। ਰਾਗ ਆਸਾ ਵਿਚ ਆਪ ਦਾ ਸੁੰਦਰ ਬਚਨ ਪਹਿਲਾਂ ਪ੍ਰਸ਼ਨ ਰੂਪ ਵਿਚ ਤੇ ਉਸੇ ਸ਼ਬਦ ਵਿਚ ਹੀ ਪ੍ਰਸਤੁਤ ਉੱਤਰ ਕੀਰਤਨ ਦੀ ਮਹਾਨਤਾ ਨੂੰ ਸਥਾਪਤ ਕਰਦਾ ਹੈ:

ਸੋ ਅਸਥਾਨੁ ਬਤਾਵਹੁ ਮੀਤਾ।।
ਜਾ ਕੈ ਹਰਿ ਹਰਿ ਕੀਰਤਨੁ ਨੀਤਾ।।੧।।ਰਹਾਉ।।

ਉੱਤਰ ਹੈ-ਸਾਧ ਸੰਗਿ ਹਰਿ ਕੀਰਤਨੁ ਗਾਈਐ।।
ਇਹੁਅਸਥਾਨੁਗੁਰੂਤੇਪਾਇਐ।।੧।। ਰਹਾਉਦੂਜਾ।।੭।।੫੮)

(ਪੰਨਾ ੩੮੫)

ਸ੍ਰੀ ਹਰਿਮੰਦਰ ਸਾਹਿਬ ਦਾ ਸਿਧਾਂਤ ਸਰੂਪ ਅਤੇ ਸੰਗਠਨ, ਕੀਰਤਨ ਦੀ ਚਮਤਕਾਰੀ ਕਲਾ ਨੂੰ ਰੂਪਮਾਨ ਕਰਦਾ ਹੈ, ਜਿਸ ਨੂੰ ਮਨੁੱਖੀ ਜੀਵਨ ਵਿਚ ਧਾਰਨ ਕਰਨ ਦੀ ਲੋੜ ਹੈ। ਹਰਿਮੰਦਰ ਸਾਹਿਬ ਦੀ ਬਣਾਵਟੀ ਨਕਲ ਬਣਾ ਕੇ ਉਹ ਪ੍ਰਾਪਤ ਨਹੀਂ ਹੋ ਸਕਦਾ, ਕਿਉਂਕਿ ਤੱਤ ਵਸਤੂ ਤਾਂ ਗੁਰਬਾਣੀ ਹੈ ਅਤੇ ਗੁਰੂ ਸਾਹਿਬਾਨ ਦੀ ਛੋਹ-ਪ੍ਰਾਪਤ ਸਥਾਨ ਦੀ ਆਪਣੀ ਬਰਕਤ ਹੈ। ਦੁਰਗਿਆਣਾ ਮੰਦਰ, ਅੰਮ੍ਰਿਤਸਰ ਦੀ ਉਸਾਰੀ ਦੇ ਪਿਛੇ ਅਜਿਹੀ ਨਕਲ ਉਸਾਰਨ ਦਾ ਯਤਨ ਕੀਤਾ ਗਿਆ ਸੀ। ਪੰਥਕ ਤੌਰ ਤੇ ਵੀ ਇਹ ਆਦੇਸ਼ ਹਨ ਕਿ ਕਿਧਰੇ ਕੋਈ ਅਜਿਹਾ ਅਡੰਬਰ ਨਾ ਰਚੇ। ਸਗੋਂ ਥਾਂ ਪੁਰ ਥਾਂ ਸੰਗਤਾਂ ਸਥਾਪਤ ਕਰ ਕੇ ਕੀਰਤਨ ਦਾ ਵਾਤਾਵਰਣ ਉਸਾਰਨ ਨਾਲ ਉਸ ਨੀਤਾ ਨੀਤ ਕੀਰਤੀ ਦੇ ਸਥਾਨ ਦੀ ਬਰਕਤ ਹਾਸਲ ਹੋ ਸਕਦੀ ਹੈ।

ਕੀਰਤਨ, ਸਿਖ ਜੀਵਨ ਦਾ ਅਨਿਖੜਵਾਂ ਅੰਗ ਹੈ। ਕੀਰਤਨ ਤੋਂ ਸਿੱਖ ਨੂੰ ਆਤਮਕ ਅਨੰਦ ਹੁਲਾਰਾ ਵੀ ਮਿਲਦਾ ਹੈ ਤੇ ਸੰਸਾਰਕ ਸੋਧ ਵੀ। ਭਾਵੇਂ ਅੱਜ ਕੀਰਤਨ ਰਸਮਾਂ ਪੂਰੀਆਂ ਕਰਨ ਦਾ ਇਕ ਢੰਗ ਮਾਤਰ ਸਮਝ ਕੇ ਹੀ ਕਰਵਾਉਣ ਦੀ ਰੁਚੀ ਕੁਝ ਵਧੀ ਹੈ, ਪਰ ਅਕਾਲ ਪੁਰਖ ਦੀ ਪੂਜਾ ਸਮਝ ਕੇ, ਆਤਮਕ ਖ਼ੁਰਾਕ ਲੈਣ ਲਈ ਅਤੇ ਪ੍ਰਭੂ ਦੇ ਗੀਤ ਗਾਉਣ ਲਈ ਕੀਰਤਨ ਕਰਨ ਨੂੰ ਹੀ ਸ੍ਰੇਸ਼ਟਤਾ ਪ੍ਰਾਪਤ ਹੈ:

ਹਰਿ ਜਨ ਕਉ ਇਹੀ ਸੁਹਾਵੈ।।
ਪੇਖਿ ਨਿਕਟਿ ਕਰਿ ਸੇਵਾ ਸਤਿਗੁਰ,
ਹਰਿ ਕੀਰਤਨ ਹੀ ਤ੍ਰਿਪਤਾਵੈ।।ਰਹਾਉ।।੧੬।।

(ਸੋਰਠਿ ਮ: ੫, ਪੰਨਾ ੬੧੩)

ਕੀਰਤਨ-ਸਮਾਗਮਾਂ, ਦਰਬਾਰਾਂ, ਲੜੀਆਂ, ਝੜੀਆਂ, ਲਹਿਰਾਂ, ਅਕੈਡਮੀਆਂ ਤੇ ਕੇਂਦਰਾਂ ਵਿਚ ਕੀਰਤਨ ਸਿੱਖਣ, ਸੁਨਣ, ਕਰਨ ਕਰਵਾਉਣ ਆਦਿ ਦਾ ਨਿਚੋੜ ਅਤੇ ਤੱਤ ਸਾਰ ਕੀ ਹੋਵੇ, ਇਸ ਸੰਬੰਧੀ ਗੁਰਬਾਣੀ ਵਿਚ ਸੁੰਦਰ ਸੰਦੇਸ਼ ਮਿਲਦੇ ਹਨ।

ਕੀਰਤਨ ਤੋਂ ਹਰੀ ਦੇ ਗੁਣਾਂ ਦਾ ਹਿਰਦੇ 'ਚ ਚਿੰਤਨ ਅਰੰਭ ਹੋਵੇ ਤੇ ਮਨ ਉੱਤੇ ਹਰੀ ਰੰਗ ਚੜ੍ਹ ਜਾਵੇ ਤਾਂ ਸਮਝੀਏ ਕਿ ਕੀਰਤੀ ਦਾ ਲਾਹਾ ਮਿਲਿਆ ਹੈ:

ਸੁਣਿ ਕੀਰਤਨੁ ਹਰਿ ਗੁਣ ਰਵਾ,
ਹਰਿ ਜਸੁ ਮਨਿ ਲਿਖਾ।।

(ਪਉੜੀ, ਵਾਰ ਸੋਰਠਿ ਮ: ੪, ਪੰਨਾ ੬੫੦)

ਕੀਰਤਨ ਵਿਚ ਰਾਗ-ਰਾਗਣੀਆਂ, ਧੁੰਨਾਂ, ਅਲਾਪਾਂ, ਤਾਨਾਂ, ਸੁਰਾਂ-ਤਾਲਾਂ, ਰੀਤਾਂ ਆਦਿ ਦਾ ਬੜਾ ਹੀ ਮੱਹਤਵ ਹੈ, ਇਨ੍ਹਾਂ ਦੇ ਅਧਾਰ ਤੇ ਹੀ ਕੀਰਤਨ ਕਰਨਾ ਸੰਭਵ ਹੁੰਦਾ ਹੈ। ਭਾਂਤ ਭਾਂਤ ਦੀਆਂ ਵਿਧੀਆਂ ਦੁਆਰਾ ਹਰੀ-ਜਸ ਗਾਇਆ ਜਾਂਦਾ ਹੈ, ਪਰ ਦੂਜੇ ਪਾਸੇ ਗੁਰਬਾਣੀ ਵਿਚ ਸਾਵਧਾਨ ਕੀਤਾ ਗਿਆ ਹੈ ਕਿ ਇਹ ਸਭ ਸਾਜ਼ ਤੇ ਅਵਾਜ਼ ਸਾਧਨ ਮਾਤਰ ਹਨ, ਇਨ੍ਹਾਂ ਦੇ ਨਾਲ ਨਾਲ ਹਿਰਦੇ ਦੀ ਸੁਧੀ ਸਭ ਤੋਂ ਉੱਤਮ ਹੈ:

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ,
ਨਹੀ ਹਰਿ ਹਰਿ ਭੀਜੈ ਰਾਮ ਰਾਜੇ।।
ਜਿਨਾ ਅੰਤਰਿ ਕਪਟੁ ਵਿਕਾਰੁ ਹੈ
ਤਿਨਾ ਰੋਇ ਕਿਆ ਕੀਜੈ।।
ਹਰਿ ਕਰਤਾ ਸਭੁ ਕਿਛੁ ਜਾਣਦਾ
ਸਿਰਿ ਰੋਗ ਹਥੁ ਦੀਜੈ।।
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ
ਹਰਿ ਭਗਤਿ ਹਰਿ ਲੀਜੈ।। ੪।।੧੧।।੧੮।।

(ਆਸਾ ਮ: ੪ ਛੰਤ ਪੰਨਾ ੪੫੦)

ਸਾਰਾ ਆਚਾਰ ਵਿਵਹਾਰ ਪ੍ਰਭੂ ਦੇ ਗੁਣ ਗਾਉਣ ਤੋਂ ਹੀ ਪ੍ਰਾਪਤ ਹੁੰਦਾ ਹੈ। ਕੀਰਤਨ ਮਹਾਂ ਅਨੰਦ ਦਾ ਸੋਮਾ ਹੈ ਇਸ ਤੋਂ ਸਿੱਧ ਹੋਇਆ ਕਿ ਕੀਰਤਨ ਇਕ ਸੁਚੇਤ ਅਵਸਥਾ ਹੈ ਤੇ ਗਾਇਨ ਸਮੇਂ ਸੁਰਤੀ ਦਾ ਸ਼ਬਦ ਨਾਲ ਚੇਤੰਨ ਮੇਲ ਹੁੰਦਾ ਹੈ, ਜਿਸ ਤੋਂ ਜੀਵਨ ਦੀ ਪ੍ਰਾਪਤੀ ਹੋਈ ਜਾਂਦੀ ਹੈ:

ਆਚਾਰ ਬਿਉਹਾਰ ਜਾਤਿ ਹਰਿ ਗੁਨੀਆ।।
ਮਹਾ ਅੰਨਦ ਕੀਰਤਨ ਹਰਿ ਸੁਨੀਆ।।੩।।੧੭।।

(ਟੋਡੀ ਮ: ੫, ਪੰਨਾ ੭੧੫)

ਸਹਜ ਅਵਸਥਾ ਨੂੰ ਧਰਮ-ਸਾਧਨਾ ਦੀ ਚੋਟੀ ਦੀ ਪ੍ਰਾਪਤੀ ਮੰਨਿਆ ਗਿਆ ਹੈ। ਸਹਜ ਅਵਸਥਾ ਕੋਈ ਖੇਡ ਜਾਂ ਤਮਾਸ਼ਾ ਨਹੀਂ ਹੈ। ਆਨੰਦ ਵੀ ਗਲੀਂ ਬਾਤੀਂ ਹਾਸਲ ਨਹੀਂ ਹੁੰਦਾ। ਘਣੇ ਅਨੰਦ ਅਤੇ ਸਹਜ ਸੁੱਖ ਵਰਗੀ

(ਬਾਕੀ ਪੰਨਾ ੩੩)



www.AKJ.Org

# ਸਾਂਝ ਕਰੀਜੈ ਗੁਣਹ ਕੇਰੀ

(ਇਕ ਦਰਦੀ ਹਿਰਦੇ ਦੀ ਅਵਾਜ਼)

ਹਉ ਵੰਞਾ ਕੁਰਬਾਣੁ ਸਾਈ ਆਪਣੇ॥
ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ॥

ਪਿਆਰੇ ਸਾਈਂ ਦੀਆਂ ਮਨ ਤਨ ਨਾਲ ਨਾਮ ਜਪਣ ਵਾਲੀਆਂ ਰੂਹਾਂ 'ਤੇ ਲੱਖ ਲੱਖ, ਕਰੋੜ ਕਰੋੜ, ਨਹੀਂ ਬੇਅੰਤ ਰਹਿਮਤਾਂ ਹਨ। ਸੱਚੇ ਪਾਤਸ਼ਾਹ ਸਾਡੇ ਵਰਗੇ ਨਿਮਾਣੇ ਕੀੜਿਆਂ ਤੇ ਵੀ ਮਿਹਰ ਕਰਨ ਅਤੇ ਸਾਨੂੰ ਉਹਨਾਂ ਸਖੀਆਂ ਦੇ ਸੰਗ ਮਿਲਾਉਣ। ਸਾਡੀ ਉਸ ਪ੍ਰਭੂ-ਪਰਮੇਸ਼ਰ-ਪਤੀ ਅੱਗੇ ਦਿਨ ਰਾਤ ਇਹੋ ਹੀ ਜੋਦੜੀ ਹੈ-ਪਿਆਰਿਆ ! ਸਾਡੇ ਤੇ ਰਹਿਮ ਕਰ। ਸਾਨੂੰ ਰਾਜ ਦੀ, ਐਸ਼ਵਰਜ ਦੀ ਕੋਈ ਭੁੱਖ ਨਹੀਂ, ਪਰ ਆਪਣੇ ਚਰਨ-ਕਮਲਾਂ ਦੀ ਦਿਨ ਰਾਤ ਪ੍ਰੀਤ ਬਖ਼ਸ਼। ਫਿਰ ਇਸ ਬਖ਼ਸ਼ੀ ਹੋਈ ਪ੍ਰੀਤ ਅਤੇ ਪ੍ਰੀਤ-ਰਸ ਨੂੰ ਜਰਨ ਦਾ ਉਦਮ ਵੀ ਬਖ਼ਸ਼, ਤਾਂ ਜੁ ਅਸੀਂ ਤੇਰੇ ਬਖ਼ਸ਼ੇ ਉਪਦੇਸ਼ ਅਨੁਸਾਰ :-

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ॥
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥੧੧੬॥

ਇਸ ਪ੍ਰਭੂ-ਪ੍ਰੀਤ ਦਾ ਭੇਦ ਵੀ ਰੱਖ ਸਕੀਏ। ਇਸ ਪ੍ਰੀਤ ਸਦਕਾ ਅਸੀਂ ਤਨ ਮਨ ਅਤੇ ਧਨ ਨਾਲ ਤੇਰੀ ਅਤੇ ਤੇਰੇ ਪਿਆਰਿਆਂ ਦੀ ਸੇਵਾ ਤੇ ਦਰਸ਼ਨ ਕਰ ਕੇ ਤੋੜ ਨਿਭਾ ਸਕੀਏ।

ਮੇਰੇ ਪਿਆਰਿਆ ! ਇਹ ਪ੍ਰੀਤ (ਸੱਚੀ) ਉਸੇ ਤਰ੍ਹਾਂ ਹੀ ਬਣੀ ਰਹੇ ਜਿਸ ਤਰ੍ਹਾਂ ਦੁਨਿਆਵੀ ਰਿਸ਼ਤੇ ਵਿਚ ਪਤੀ-ਪਤਨੀ ਦੀ ਹੁੰਦੀ ਹੈ। ਤੂੰ ਸਭਨਾਂ ਦਾ ਸਾਂਝਾ ਪ੍ਰੀਤਮ ਹੈਂ। ਸਾਨੂੰ ਪਰਮੇਸ਼ਰ ਜੀ , ਸੋਝੀ ਬਖ਼ਸ਼ੋ ਤਾਂ ਕਿ ਅਸੀਂ ਮਨੋ ਤਨੋਂ ਆਪ ਦਾ ਵੱਧ ਤੋਂ ਵੱਧ ਸਤਿਕਾਰ ਕਰ ਸਕੀਏ ਅਤੇ ਸੁਆਸ ਸੁਆਸ ਨਾਮ ਜਪ ਕੇ ਆਪ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਸਕੀਏ।

ਪਰ ਗੁਰੂ ਪਿਆਰਿਓ, ਇਹ ਪਤੀ-ਪਤਨੀ ਦਾ ਆਪਸ ਵਿੱਚ ਸਤਿਕਾਰ ਜਾਂ ਪਿਆਰ ਇਕ ਨਿਜੀ (Personal) ਮੁਆਮਲਾ ਹੈ। ਇਸ ਦੁਨਿਆਵੀ ਜਾਂ ਆਤਮਿਕ ਰਿਸ਼ਤੇ ਵਿਚ ਇਹ ਚੀਜ਼ ਗੁੱਝੀ ਰੱਖਣ ਵਾਲੀ ਹੈ। ਇਕ ਪਤਨੀ ਆਪਣੀਆਂ ਸਖੀਆਂ ਨੂੰ ਦੱਸ ਸਕਦੀ ਹੈ ਕਿ ਕਿਵੇਂ ਦੁਨਿਆਵੀ ਜਾਂ ਆਤਮਿਕ ਰਿਸ਼ਤੇ ਵਿਚ ਪਤੀ ਨੂੰ ਵੱਸ ਕਰਨਾ ਹੈ ਜਾਂ ਉਸ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਹਨ।

ਪਰ ਜੇ ਕੋਈ ਸਚਿਆਰੀ ਜੋਰ ਨਾਲ ਆਪਣਾ ਹੁਕਮ ਮਨਾਵੇ ਕਿ ਤੁਸੀਂ ਵੀ ਪਤੀ ਨੂੰ ਵੱਸ ਕਰਨ ਲਈ ਮੇਰੇ ਵਾਲੀ ਵਿਧੀ ਹੀ ਵਰਤੋ ਤਾਂ ਦੁਨਿਆਵੀ ਰਿਸ਼ਤੇ ਵਿੱਚ ਵੀ ਫ਼ਸਾਦ ਪੈਣ ਵਾਲੀ ਗੱਲ ਬਣ ਜਾਂਦੀ ਹੈ ਅਤੇ ਆਤਮਿਕ ਰਿਸ਼ਤੇ ਵਿਚ ਵੀ ਵਿਘਨ ਪੈ ਜਾਂਦਾ ਹੈ।

ਜਿਸਨੇ ਸਾਡੇ ਨਾਲ ਪ੍ਰੀਤ ਲਾਈ ਹੈ, ਸਾਨੂੰ ਆਪਣਾ ਬਣਾਇਆ ਹੈ, ਉਹ ਘਟ ਘਟ ਦੀਆਂ ਜਾਣਦਾ ਹੈ, ਉਸ ਦੇ ਪਾਸੋਂ ਸਾਡਾ ਕੁੱਝ ਵੀ ਗੁੱਝਾ ਨਹੀਂ ਰਿਹਾ ਹੋਇਆ। ਉਹ ਆਪਣਾ ਸਤਿਕਾਰ ਆਪ ਹੀ ਜਿਸ ਤੋਂ ਜਿੰਨਾ ਜਿੰਨਾ ਭਾਵੇ, ਕਰਵਾਉਂਦਾ ਹੈ। ਸਾਡਾ ਤਾਂ ਬਸ ਇਹੋ ਹੀ ਕਰਮ ਬਣਦਾ ਹੈ ਕਿ ਅਸੀਂ ਦਿਨ ਰਾਤ ਉਸ ਪਰਮੇਸ਼ਰ-ਪਤੀ ਅੱਗੇ ਜੋਦੜੀਆਂ ਕਰੀਏ ਕਿ ਹੇ ਪ੍ਰਭੂ ਜੀਉ:-

"ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥
ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ॥

ਫਿਰ *'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।'* ਸੱਚੇ ਪਾਤਸ਼ਾਹ ਜੀ ਜ਼ਰੂਰ ਸਾਨੂੰ ਸੋਝੀ ਬਖ਼ਸ਼ਣਗੇ ਸਤਿਕਾਰ ਕਰਨ ਦੀ। ਫਿਰ ਇਸ ਬਖ਼ਸ਼ੀ ਹੋਈ ਸੋਝੀ ਅਨੁਸਾਰ ਗੁਰੂ ਸਾਹਿਬ ਦਾ ਸਤਿਕਾਰ ਕਰਨਾ ਹੈ। ਜੇ ਲੋੜ ਪਵੇ ਤਾਂ ਨਿਰਾਦਰੀ ਕਰਨ ਵਾਲੇ ਨੂੰ ਇਹ ਸਤਿਕਾਰ ਕਰਨ ਦੀ ਵਿਧੀ ਦੱਸ ਦੇਣੀ ਹੈ। ਅਸਲ ਵਿਚ ਨਿਰਾਦਰੀ ਉਹੋ ਹੀ ਕਰਦਾ ਹੈ ਜਿਸ ਨੂੰ ਜਾਂ ਤਾਂ ਸੋਝੀ ਨਹੀਂ ਜਾਂ ਫਿਰ ਉਹ ਅਜੇ ਤੱਕ ਗੁਰੂ ਦਾ ਪਿਆਰਾ ਬਣਿਆ ਹੀ ਨਹੀਂ ਤੇ ਉਸ ਨੂੰ ਅਜੇ ਤੱਕ ਇਹ ਸੋਝੀ ਹੀ ਨਹੀਂ ਆਈ ਕਿ ਇਸ ਦੁਨੀਆ ਵਿੱਚ ਮੇਰਾ ਸੱਚਾ ਮਿੱਤਰ ਵੀ ਹੈ, ਜੋ ਤੋੜ ਨਿਭਾਣ ਵਾਲਾ ਹੈ ਅਤੇ ਅੰਤ ਨੂੰ ਸਹਾਈ ਹੋਣ ਵਾਲਾ ਹੈ। ਇਸ ਤੋਂ ਉਲਟ ਜੋ ਗੁਰੂ ਦਾ ਬਣ ਚੁੱਕਿਆ ਹੈ, ਉਹ ਅਨਜਾਨਪੁਣੇ ਵਿੱਚ ਤਾਂ ਭਾਵੇਂ ਕਿਤੇ ਕੋਈ ਗਲਤੀ ਕਰ ਲਵੇ, ਪਰ ਜਾਣ ਬੁੱਝ ਕੇ ਉਹ ਇਹੋ ਜਿਹਾ ਕਦਮ ਕਦੀ ਨਹੀਂ ਉਠਾਏਗਾ। ਜੇ ਉਹ ਰੂਹ ਫਿਰ ਇਹੋ ਜਿਹੀ ਗ਼ਲਤੀ ਕਰਦੀ ਹੈ ਜਿਸ ਨਾਲ ਉਸ ਦੇ ਪਰਮੇਸ਼ਰ-ਪਤੀ ਦੀ ਨਿਰਾਦਰੀ ਹੁੰਦੀ ਹੋਵੇ ਤਾਂ ਉਹ ਸਮਝਾਉਣ ਨਾਲ ਜ਼ਰੂਰ ਹੀ ਸਮਝ ਜਾਵੇਗੀ, ਉਸ ਨਾਲ ਜ਼ੋਰ-ਜ਼ਬਰ ਵਰਤਣ ਦੀ ਲੋੜ ਨਹੀਂ।

ਆਪਣੇ ਪ੍ਰੀਤਮ ਨਾਲ ਪਿਆਰ ਕਰਨ ਦੀਆਂ ਕਈ ਗੱਲਾਂ ਗੁੱਝੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਅਸੀਂ ਹਮੇਸ਼ਾ ਭੇਦ ਵਿੱਚ ਰਖਦੇ ਹਾਂ, ਜਰਦੇ ਹਾਂ, ਬਾਹਰ ਨਿਕਲਣ ਤੋਂ ਬਚਾਉਂਦੇ ਹਾਂ ਅਤੇ ਇਸ ਅਜਰ ਪਦ ਨੂੰ ਜਰਨ ਲਈ ਪ੍ਰੀਤਮ ਅੱਗੇ ਬਾਰ ਬਾਰ ਜੋਦੜੀਆਂ ਕਰਦੇ ਹਾਂ। ਸੁਆਸ ਸੁਆਸ ਨਾਮ ਜਪਣ, ਆਪਣੇ ਪ੍ਰੀਤਮ ਦੇ ਪਿਆਰ ਵਿੱਚ ਵੱਧ ਤੋਂ ਵੱਧ ਗੁਰਬਾਣੀ ਕੰਠ ਕਰਨ, ਅਤੇ ਇਸ ਪਿਆਰ ਵਿੱਚ ਜੋ ਕਲਾ ਵਰਤਦੀ ਹੈ, ਇਹ ਸਭ ਗੁੱਝੀਆਂ ਗੱਲਾਂ ਹਨ, ਇਹਨਾਂ ਦਾ ਭੇਤ ਕਿਸੇ ਨੂੰ ਨਹੀਂ ਦੇਣਾ ਬਣਦਾ, ਆਪਣੇ ਆਪ ਸੁਤੇ ਸਿੱਧ, ਕਿਸੇ ਨੂੰ ਪਤਾ ਲੱਗ ਜਾਵੇ ਤਾਂ ਭਾਵੇਂ ਲੱਗੀ ਜਾਵੇ।



www.AKJ.Org

ਦੂਜਿਆਂ ਨੂੰ ਆਪਣੇ ਨਾਮ ਜਪਣ ਜਪਾਣ ਦੀਆਂ ਬਾਤਾਂ ਦਸਣੀਆਂ ਗੁਰਮਤਿ ਤੋਂ ਲਾਂਭੇ ਜਾਣਾ ਹੈ ਅਤੇ ਇਸ ਬਫਣ-ਬਫਾਉਣ ਨਾਲ ਹਉਮੈ ਦੇ ਟੇਟੇ ਚੜ੍ਹਨਾ ਹੈ।

ਭਾਗਾਂ ਵਾਲੀਆਂ ਹਨ ਉਹ ਸਖੀਆਂ ਜੋ ਗੁਰਬਾਣੀ ਵਿਚ ਪ੍ਰੀਤ ਪਾਂਦੀਆਂ ਹਨ, ਗੁਰਬਾਣੀ ਦਾ ਅਭਿਆਸ ਕਰਦੀਆਂ ਹਨ, ਗੁਰਬਾਣੀ ਦਾ ਰੰਗ ਮਾਣਦੀਆਂ ਹਨ ਅਤੇ ਅਠੋਂ ਪਹਿਰ ਨਾਮ-ਪ੍ਰਾਪਤੀ ਲਈ ਗੁਰਬਾਣੀ ਦੇ ਲੜ ਲਗੀਆਂ ਰਹਿੰਦੀਆਂ ਹਨ। ਇਉਂ ਗੁਰਬਾਣੀ ਉਨ੍ਹਾਂ ਦੇ ਅੰਦਰ ਬਾਹਰ ਰਮੀ ਰਹਿੰਦੀ ਹੈ, ਗੁਰਬਾਣੀ ਉਨ੍ਹਾਂ ਦੀ ਰਸਨਾ ਉਤੇ ਵਸਦੀ ਹੈ, ਅਤੇ ਕੀਰਤਨ ਕਰਦਿਆਂ ਗੁਰਬਾਣੀ ਆਪ-ਮੁਹਾਰੀ ਉਨ੍ਹਾਂ ਦੇ ਅੰਦਰੋਂ ਉਮਲ੍ਹ ਉਮਲ੍ਹ ਆਉਂਦੀ ਹੈ। ਪਰ ਇਸ ਅਵਸਥਾ ਵਿਚ ਵੀ ਸੰਭਲਣ ਦੀ ਲੋੜ ਹੈ, ਜਰਨ ਦੀ ਲੋੜ ਹੈ, ਮਾਣ ਤੋਂ ਬਚਣ ਦੀ ਲੋੜ ਹੈ। ਬਾਣੀ ਨੂੰ ਜੀਅਹੁ ਜਾਣਨ ਦੀ ਲੋੜ ਹੈ, ਤਦੇ ਹੀ ਨਾਮ ਦਾ ਨਿਵਾਸ ਅੰਤਰ ਆਤਮੇ ਹੋ ਸਕਦਾ ਹੈ। ਗੁਰਵਾਕ ਹੈ -

ਇਹ ਬਾਣੀ ਜੋ ਜੀਅਹੁ ਜਾਣੈ।।
ਤਿਸੁ ਅੰਤਰਿ ਰਵੈ ਹਰਿ ਨਾਮਾ।।

ਪਰ ਜੇ ਬਾਣੀ ਬਹੁਤੀ ਕੰਠ ਹੋਣ ਦਾ ਮਾਣ ਆ ਗਿਆ ਤਾਂ ਘਾਟਾ ਹੀ ਘਾਟਾ ਹੈ। ਬਾਣੀ ਕੰਠ ਕਰ ਕੇ ਪਿਆਰ ਵਿਚ ਬੈਰਾਗ ਵਿਚ ਰੰਗੀਜਣ ਦੀ ਲੋੜ ਹੈ। ਅਜਰ ਨੂੰ ਜਰਣ ਦੀ ਲੋੜ ਹੈ।

ਜਿਨ੍ਹਾਂ ਰੂਹਾਂ ਦਾ ਆਪਣੇ ਪ੍ਰੀਤਮ ਨਾਲ ਪਿਆਰ ਪੈਂਦਾ ਹੈ ਉਨ੍ਹਾਂ ਦੇ ਲੂੰ ਲੂੰ ਵਿਚ ਨਾਮ ਦਾ ਵਾਸਾ ਹੁੰਦਾ ਹੈ। ਗੁਰਬਾਣੀ ਉਨ੍ਹਾਂ ਦਾ ਅਧਾਰ ਤੇ ਅਹਾਰ ਹੁੰਦੀ ਹੈ, ਗੁਰਬਾਣੀ ਉਨ੍ਹਾਂ ਦਾ ਭੰਡਾਰ ਹੁੰਦੀ ਹੈ ਅਤੇ ਬੇਅੰਤ ਗੁਰਬਾਣੀ ਉਨ੍ਹਾਂ ਦੇ ਕੰਠਾਗਰ ਹੁੰਦੀ ਹੈ। ਪਰ ਉਹ ਕਿਸੇ ਨੂੰ ਕੁਝ ਨਹੀਂ ਜਣਾਉਂਦੇ । ਉਹ ਹੋਰਨਾਂ ਰੂਹਾਂ ਨੂੰ ਬਾਣੀ ਵਲ ਪ੍ਰੇਰਦੇ ਹਨ, ਬਾਣੀ ਨਾਲ ਜੋੜਨ ਦੇ ਉਪਰਾਲੇ ਕਰਦੇ ਹਨ, ਪਰ ਡਾਢੇ ਪਿਆਰ ਨਾਲ ਗੁਰੂ-ਉਪਦੇਸ਼ ਸ੍ਰਵਣ ਕਰਾਂਉਂਦੇ ਹਨ। ਬਾਣੀ ਕੰਠ ਕਰਨ ਲਈ ਪ੍ਰੀਤੀ-ਪ੍ਰੇਰਨਾ ਕਰਦੇ ਹਨ।

ਪ੍ਰੀਤੀ-ਪ੍ਰੇਰਨਾ ਨਾਲ ਤਾਂ ਬੜੇ ਹਿਰਦੇ ਪ੍ਰੇਰੇ ਜਾ ਸਕਦੇ ਹਨ ਅਤੇ ਬਾਣੀ ਕੰਠ ਕਰਨ ਦੇ ਆਹਰੇ ਲਾਏ ਜਾ ਸਕਦੇ ਹਨ, ਪਰ ਧੀਂਗੋ ਜ਼ੋਰੀ ਨਾਲ ਇਹ ਕਾਰਜ ਨਹੀਂ ਕਰਵਾਏ ਜਾ ਸਕਦੇ। 'ਪਿਆਰ ਨਾ ਲਗਦੇ ਜ਼ੋਰੀਂ।' ਪਿਆਰ ਨਾਲ ਹੀ ਪਿਆਰ ਉਪਜ ਸਕਦੇ ਹਨ।

ਜੇ ਅਸੀਂ ਆਪਣੇ ਪ੍ਰੀਤਮ ਦਾ ਤਨ ਮਨ ਨਾਲ ਸਤਿਕਾਰ ਕਰਾਂਗੇ ਤਾਂ ਸਾਨੂੰ ਆਪੇ ਹੀ ਉਸ ਦੇ ਬਚਨ ਯਾਦ ਰਹਿਣਗੇ। ਪਰ ਪ੍ਰੀਤਮ ਦੀ ਮਹਿਮਾ ਤਾਂ ਅਗੰਮ ਹੈ, ਅਥਾਹ ਹੈ। ਉਸ ਮਹਿਮਾ ਨੂੰ ਜਾਣਨਾ ਗੁਰਸਿੱਖ ਦਾ ਵੱਧ ਤੋਂ ਵੱਧ ਫ਼ਰਜ਼ ਹੈ। ਇਹ ਅਤੁੱਟ ਖਜ਼ਾਨਾ ਤਾਂ ਹੀ ਪਾਇਆ ਜਾ ਸਕਦਾ ਹੈ ਜੇ ਸਤਿਗੁਰੂ ਸੱਚੇ ਪਾਤਸ਼ਾਹ ਮਿਹਰ ਕਰਨ ਤਾਂ । ਜੇ ਅਸੀਂ ਆਪਣੇ ਪ੍ਰੀਤਮ ਨਾਲ ਸੱਚਾ ਪਿਆਰ ਕਰਾਂਗੇ ਤਾਂ ਉਹ ਜ਼ਰੂਰ ਇਸ ਕਾਰਜ ਵਿੱਚ ਸਾਡੀ ਸਹਾਇਤਾ ਕਰਨਗੇ। ਆਓ ਪਿਆਰਿਓ, ਰਲ ਕੇ ਸੱਚੇ ਪਿਆਰ ਦੀਆਂ ਅਰਦਾਸਾਂ ਕਰੀਏ- ਜੇ ਪ੍ਰੀਤਮ ਜੀ ਲਾਉਣਗੇ ਤਾਂ ਹੀ ਲੱਗੇਗਾ, ਸਾਡਾ ਤਾਂ ਉਸ ਅੱਗੇ ਕੋਈ ਜ਼ੋਰ ਨਹੀਂ ਚਲਦਾ-ਸੱਚੇ ਪਾਤਸ਼ਾਹ, ਤੁਸੀਂ ਹੀ ਗੁਰੂ ਪਿਆਰਿਆਂ ਦੀਆਂ ਰੀਝਾਂ ਪੂਰੀਆਂ ਕਰੋ।

ਜਿਹੜੀ ਰੂਹ ਗੁਰਬਾਣੀ ਕੰਠ ਕਰ ਕੇ ਉਸ ਪ੍ਰਭੂ ਪ੍ਰੀਤਮ ਦੇ ਗੁਣ ਗਾਉਂਦੀ ਹੈ ਅਤੇ ਕੀਰਤਨ ਰਾਹੀਂ ਦੂਸਰਿਆਂ ਨੂੰ ਵੀ ਗਵਾਉਂਦੀ ਹੈ, ਸੱਚੇ ਪਾਤਸ਼ਾਹ ਹਿੰਮਤ ਬਖ਼ਸ਼ਣ ਕਿ ਅਸੀਂ ਭੀ ਇਨ੍ਹਾਂ ਪੂਰਨਿਆਂ ਤੇ ਚਲ ਸਕੀਏ। ਪਰ ਪਿਆਰਿਓ ਜਿਹੜੀਆਂ ਰੂਹਾਂ ਗੁਰਬਾਣੀ ਲਿਖੀ ਹੋਈ ਪੜ੍ਹ ਕੇ ਪ੍ਰਭੂ ਦੀ ਉੱਤਮ ਮਹਿਮਾ ਸੁਣਾਉਂਦੀਆਂ ਹਨ, ਯਾਦ ਕਰਵਾਉਂਦੀਆਂ ਹਨ ਅਤੇ ਆਪ ਵੀ ਕਰਦੀਆਂ ਹਨ ਉਹਨਾਂ ਤੋਂ ਵੀ ਇਹ ਨਿਮਾਣੀ ਜਿੰਦੜੀ ਬਲਿਹਾਰੇ ਜਾਂਦੀ ਹੈ, ਧੰਨ ਭਾਗ ਹਨ ਉਨ੍ਹਾਂ ਗੁਰੂ ਦੇ ਦੁਲਾਰਿਆਂ ਦੇ ਜੋ ਆਪਣਾ ਧੰਦਾ ਛੱਡ ਕੇ ਗੁਰਬਾਣੀ ਸੁਣਾਉਣ ਤੇ ਗਾਉਣ ਆਉਂਦੇ ਹਨ, ਜਦੋਂ ਕਿ ਸੰਸਾਰੀ ਧੰਦੇ ਵੀ ਉਹਨਾਂ ਨੇ ਨਿਭਾਉਣੇ ਹੁੰਦੇ ਹਨ। ਪਰ ਉਹ ਆਪਣੇ ਪ੍ਰੀਤਮ ਦੇ ਪਿਆਰ ਵਿੱਚ ਗੁੱਧੇ ਹੋਏ ਇਸ ਅਣਥੱਕ ਸੇਵਾ ਨੂੰ ਨਿਭਾਉਣ ਤੋਂ ਸੰਕੋਚ ਨਹੀਂ ਕਰਦੇ।

ਧੰਨ ਹੈ ਥਾਨ ਜਿਥੇ ਇਹੋ ਜਿਹੇ ਗੁਰੂ ਦੇ ਪਿਆਰੇ ਬੈਠ ਕੇ ਆਪਣੇ ਪਿਆਰੇ ਪ੍ਰੀਤਮ ਨੂੰ ਮਿਲਦੇ ਹਨ, ਪਿਆਰੇ ਪ੍ਰੀਤਮ ਦੇ ਗੁਣ ਗਾਉਂਦੇ ਹਨ ਅਤੇ ਗੁਰਬਾਣੀ ਰਾਹੀਂ ਚੋਜੀ ਪ੍ਰੀਤਮ ਦੇ ਨਵੇਂ ਨਵੇਂ ਉਪਦੇਸ਼ ਸੁਣਾਉਂਦੇ ਹਨ। ਪਿਆਰਿਓ, ਇਹੋ ਜਿਹੇ ਅਸਥਾਨਾਂ ਦੇ ਪਵਿਤਰ ਵਾਤਾਵਰਣ ਨੂੰ ਕਾਇਮ ਰੱਖਣਾ ਸਾਰਿਆਂ ਦਾ ਪਰਮ ਧਰਮ ਹੈ। ਜਿਨ੍ਹਾਂ ਥਾਵਾਂ ਤੇ ਅੱਗੇ ਵੀ ਬੈਠ ਕੇ ਹਰੀ-ਜਸ ਤੋਂ ਬਿਨਾ ਹੋਰ ਕੋਈ ਗੱਲ ਨਹੀਂ ਸੀ ਹੁੰਦੀ ਉਥੇ ਹੁਣ ਵੀ ਇਹੋ ਹੀ ਨੇਮ ਨਿਭਣਾ ਚਾਹੀਦਾ ਹੈ। ਇਕੱਠੇ ਬੈਠ ਕੇ ਹਰ-ਜਸ ਦੀਆਂ ਘੁੰਮਰਾਂ ਪਾਉਣ ਤੋਂ ਬਿਨਾਂ ਹੋਰ ਸਭ ਗੱਲਾਂ ਫ਼ਜ਼ੂਲ ਹਨ। ਕੀਰਤਨ-ਅਖਾੜੇ ਵਿੱਚ ਕੀਰਤਨ ਹੀ ਸ਼ੋਭਦਾ ਹੈ। ਇਸੇ ਵਿੱਚ ਹੀ ਸਾਰਾ ਲੈਕਚਰ ਸ਼ਾਮਲ ਹੈ। ਨਾਮ-ਰੰਗ ਵਿਚ ਕੀਤਾ ਹੋਇਆ ਗੁਰਬਾਣੀ ਦੇ ਕੀਰਤਨ ਕਰਨ ਤੋਂ ਬਾਅਦ ਕਿਸੇ ਪ੍ਰਕਾਰ ਦੇ ਲੈਕਚਰ ਦੀ ਜ਼ਰੂਰਤ ਨਹੀਂ ਰਹਿੰਦੀ। ਪਿਆਰਿਓ, ਪਵਿੱਤਰ ਨਾਮ ਜਪਣ ਵਾਲੀ


www.AKJ.Org

ਥਾਂ ਤੇ ਪਰਸਪਰ ਮਤ-ਭੇਦ ਨਹੀਂ ਸੋਭਦੇ। ਉਸ ਥਾਂ ਦੀ ਪਵਿੱਤਰਤਾ ਨੂੰ ਇੰਨਾਂ ਕਾਇਮ ਰੱਖਣਾ ਲੋੜੀਦਾ ਹੈ ਕਿ ਉਸ ਥਾਂ ਨੂੰ ਯਾਦ ਕਰਨ ਨਾਲ ਹੀ ਅਸੀਂ ਨਾਮ ਵਿੱਚ ਜੁਟ ਜਾਈਏ, ਅਜਿਹੀ ਥਾਂ ਦੇ ਦਰਸ਼ਨ ਕਰਕੇ ਤਨ ਮਨ ਨਿਹਾਲ ਹੋ ਜਾਵੇ ਅਤੇ ਅਜਿਹੀ ਥਾਂ ਤੇ ਦੁਬਾਰਾ ਪਹੁੰਚ ਕੇ ਤਾਂ ਸਾਨੂੰ ਆਪਣੇ ਪ੍ਰੀਤਮ ਤੋਂ ਬਿਨਾਂ ਕੋਈ ਹੋਰ ਗੱਲ ਯਾਦ ਹੀ ਨਾ ਆਵੇ। ਫਿਰ ਇਹੋ ਜਿਹੀਆਂ ਨਾਮ ਜਪਣ ਵਾਲੀਆਂ ਰੂਹਾਂ ਦੇ ਸੱਚੇ ਪਾਤਸ਼ਾਹ ਬਾਰ ਬਾਰ ਦਰਸ਼ਨ ਬਖ਼ਸ਼ਣ, ਤਾਂ ਜੁ ਉਹਨਾਂ ਦਾ ਆਪਣੇ ਪ੍ਰੀਤਮ ਨਾਲ ਪਿਆਰ ਦੇਖ ਕੇ, ਸਾਡੇ ਵੀ ਸੁੱਤੇ ਮਨ ਜਾਗ ਪੈਣ ਅਤੇ ਅਸੀਂ ਆਪਣੇ ਪੰਧ ਨੂੰ ਸਵਾਰਨ ਲਈ ਸੁਆਸ ਸੁਆਸ ਨਾਮ ਜਪਣ ਵਿੱਚ ਜੁੱਟ ਜਾਈਏ।

ਪਿਆਰਿਓ, ਪਿਛਲੀਆਂ ਕੁਝ ਕੁ ਘਟਨਾਵਾਂ ਯਾਦ ਆਉਂਦੀਆਂ ਹਨ, ਜਦੋਂ ਇਕੱਠੇ ਹੋ ਕੇ ਸਮਾਗਮ ਵਿੱਚ ਹਰ-ਜਸ ਗਾਉਣ ਤੋਂ ਬਾਅਦ ਵਿਛੜਨਾ ਹੁੰਦਾ ਸੀ ਤਾਂ ਕਈ ਰੂਹਾਂ ਤੜਪ ਉਠਦੀਆਂ ਸਨ, ਛਮ ਛਮ ਅੱਥਰੂ ਵਹਿ ਤੁਰਦੇ ਸਨ, ਵਿਛੜਨ ਨੂੰ ਜੀਅ ਨਹੀਂ ਸੀ ਕਰਦਾ, ਪਰ ਗ੍ਰਿਹਸਥ ਜੀਵਨ ਵਿੱਚ ਵਿਚਰਦੇ ਹੋਣ ਕਰਕੇ ਵਿਛੜਨਾ ਪੈਂਦਾ ਸੀ। ਵਿਛੜ ਜਾਂਦੇ ਸਨ ਫਿਰ ਕਦੇ ਇਕੱਠੇ ਹੋਣ ਦੀ ਆਸ ਵਿੱਚ, ਪਰ ਸਮਾਗਮ ਦੇ ਨਜ਼ਾਰੇ ਸੁਆਸ ਸੁਆਸ ਨਾਮ ਜਪਾਈ ਜਾਂਦੇ ਸਨ, ਉਹਨਾਂ ਨਜ਼ਾਰਿਆਂ ਦੀ ਯਾਦ ਵਿਛੋੜਾ ਮਹਿਸੂਸ ਨਹੀਂ ਸੀ ਹੋਣ ਦਿੰਦੀ। ਆਪਸ ਵਿੱਚ ਹਿਰਦਿਆਂ ਦੀਆਂ ਤਾਰਾਂ ਨਾਲ ਮਿਲਾਪ ਹੁੰਦੇ ਸਨ। ਗੁਰੂ ਸੱਚੇ ਪਾਤਸ਼ਾਹ-ਪਤੀ-ਪਰਮੇਸ਼ਰ ਨੇ ਆਪਣੀਆਂ ਸਚਿਆਰੀਆਂ ਸਖੀਆਂ ਵਿੱਚ ਇਹੋ ਜਿਹਾ ਪਰਸਪਰ ਪਿਆਰ ਬਖ਼ਸ਼ਿਆ ਸੀ। ਦੁਬਾਰਾ ਹਿਕੱਠੇ ਹੋਣ ਦੇ ਆਉਂਦੇ ਦਿਨ ਤੱਕ ਪਿਛਲੇ ਸਮਾਗਮਾਂ ਦੇ ਰੰਗ ਹੀ ਨਹੀਂ ਸਨ ਉੱਤਰਦੇ, ਤੇ ਫਿਰ ਇਕੱਠੇ ਹੋ ਕੇ ਗੁਰੂ-ਪ੍ਰੀਤਮ ਦੀਆਂ ਹੋਰ ਬਖ਼ਸ਼ਿਸ਼ਾਂ, ਹੋਰ ਰੰਗ-ਅਖਾੜੇ ਅਤੇ ਹੋਰ ਗੂੜ੍ਹੇ ਰੰਗ। ਇਹਨਾਂ ਅਖਾੜਿਆਂ ਵਿੱਚ ਕੋਈ ਵੀ ਇੱਕ ਦੂਸਰੇ ਤੋਂ ਘਟ ਨਜ਼ਰ ਨਹੀਂ ਸੀ ਆਉਂਦਾ। ਕਿਸੇ ਵਿੱਚ ਹਿੰਮਤ ਹੀ ਨਹੀਂ ਸੀ ਪੈਂਦੀ ਕਿਸੇ ਨੂੰ ਆਪਣੇ ਨਾਲੋਂ ਨੀਵਾਂ ਸਮਝ ਸਕੇ। ਫ਼ਿਕਰ ਦੂਸਰਿਆਂ ਦੇ ਨੁਕਸ ਕੱਢਣ ਦਾ ਨਹੀਂ ਸੀ ਹੁੰਦਾ, ਸਗੋਂ ਵੱਧ ਤੋਂਵੱਧ ਗੁਣ ਗਾ ਕੇ, ਆਪਣੇ ਪ੍ਰੀਤਮ ਦਾ ਪਿਆਰਾ ਬਣ ਕੇ ਉਸ ਨਾਲ ਮਿਲਾਪ ਕਰਨ ਦਾ ਇੱਕੋ ਇੱਕ ਫ਼ਿਕਰ ਹੁੰਦਾ ਸੀ।

ਕਿੰਨਾ ਚੰਗਾ ਹੋਵੇ ਜੇ ਅਸੀਂ ਦੂਸਰਿਆਂ ਦਾ ਸੁਧਾਰ ਕਰਨ ਦੀ ਬਜਾਏ ਆਪਣਾ ਹੀ ਸੁਧਾਰ ਕਰੀਏ। ਕਿਸੇ ਵਿੱਚ ਨੁਕਸ ਕੱਢਣ ਦੀ ਬਜਾਏ ਆਪਣੇ ਹੀ ਨੁਕਸਾਂ ਨੂੰ ਕੱਢੀਏ, ਸੁਆਸ ਸੁਆਸ ਨਾਮ ਜਪ ਕੇ। ਗੁਰਬਾਣੀ ਤੋਂ ਬਿਨਾਂ ਹੋਰ ਕੋਈ ਵੀ ਗੱਲ ਮੂੰਹੋਂ ਕੱਢਣੀ ਫ਼ਜ਼ੂਲ ਸਮਝੀਏ। ਰੋਜ਼ੀ ਕਮਾਉਣ ਲਈ ਤਾਂ ਅਕਸਰ ਵਿਹਾਰਕ ਜੀਵਨ ਵਿੱਚ ਗੱਲਾਂ ਕਰਨੀਆਂ ਹੀ ਪੈਂਦੀਆਂ ਹਨ। ਸਮੇਂ ਦੀ ਮੰਗ ਹੈ ਕਿ ਅਸੀਂ ਕੀਰਤਨ, ਸਟੇਜ ਦੀ ਪਵਿਤਰਤਾ ਤੇ ਅਖੰਡਤਾ ਨੂੰ ਕਾਇਮ ਰੱਖੀਏ। ਇਸ ਪਵਿੱਤਰ ਥਾਂ ਤੇ ਬੈਠ ਕੇ, ਨਾਮ ਜਪ ਕੇ, ਆਪਣੇ ਪ੍ਰੀਤਮ ਨੂੰ ਰੀਝਾਈਏ। ਜੋ ਫਿਕਾ ਬੋਲਦੇ ਹਨ ਅਤੇ ਹਰਿ ਰੰਗ ਵਿੱਚ ਰੱਤੀਆਂ ਰੂਹਾਂ ਦੇ ਰਸ ਵਿਚ ਵਿਘਨ ਪਾਂਦੇ ਹਨ, ਉਹਨਾਂ ਨੂੰ ਜ਼ਰੂਰ ਘਾਟਾ ਪੈਂਦਾ ਹੈ। ਅਸੀਂ ਆਪਣੇ ਪ੍ਰੀਤਮ ਅੱਗੇ ਇਹੋ ਹੀ ਅਰਦਾਸ ਕਰਦੇ ਹਾਂ ਕਿ ਸਭ ਸਖੀਆਂ ਨੂੰ ਸੁਮੱਤ ਦ੍ਰਿੜਾਵਹੁ ਅਤੇ ਕਿਸੇ ਵੀ ਗੁਰੂ ਵਾਲੀ ਬਣੀ ਰੂਹ ਨੂੰ ਘਾਟਾ ਨਾ ਪਵੇ। ਹੇ ਪ੍ਰਭੂ ਸਾਡੇ ਤੇ ਮਿਹਰ ਕਰੋ ਤਾਂ ਜੁ ਅਸੀਂ ਸੁਆਸ ਸੁਆਸ ਨਾਮ ਜਪੀਏ। ਸੱਚੇ ਪਾਤਸ਼ਾਹ ਜੀ, ਸਮਾਗਮਾਂ ਤੇ ਸਿਰਫ਼ ਅਨੰਦ ਲੈਣ ਲਈ ਹੀ ਪੁਜੀਏ,ਅਤੇ ਉਹੋ ਅਨੰਦ ਹਮੇਸ਼ਾ ਬਖਸ਼ੀ ਰੱਖੋ, ਇਹ ਸਾਡੇ ਕੋਲੋਂ ਖੁਸੇ ਨਾ। ਸਾਨੂੰ ਸਭ ਨੂੰ ਸੁਮੱਤ ਬਖਸ਼ ਕੇ ਸਾਡੇ ਵਿੱਚ ਪਰਸਪਰ ਗੁਰਸਿੱਖੀ ਪਿਆਰ ਬਖਸ਼ੋ। ਇਸ ਗੁਰਸਿੱਖੀ ਪਿਆਰ ਵਿੱਚ ਅਸੀਂ ਕਿਸੇ ਕੋਲੋਂ ਜ਼ਮੀਨ ਨਹੀਂ ਲੈਣੀ, ਸਿਰਫ਼ ਸਾਨੂੰ ਸੰਗਤ ਵਿਚ ਜੋੜ ਕੇ ਨਾਮ ਜਪਣ

■ ■ ■ ■

ਪੰਨਾ ੧੦ ਦਾ ਬਾਕੀ......

ਚਾਹੀਦਾ ਹੈ। ਜੇ ਗੁਰਦੁਆਰਿਆਂ ਵਿਚ ਹੀ ਅਨਰਥ ਹੋਣ ਤਾਂ ਸੁਧਾਰ ਦਾ ਦੂਜਾ ਕਿਹੜਾ ਠਿਕਾਣਾ ਹੈ ? ਗੁਰੂ ਸਾਹਿਬ ਦਾ ਵੀ ਬਚਨ ਹੈ -

"ਬਾਨਿਸਟ ਜਗ ਭਰਿਸਟ ਹੋਇ, ਡੂਬਤਾ ਇਵ ਜਗ।।"

*'ਆਂਖ ਜੋ ਕੁਛ ਦੇਖਤੀ ਹੈ, ਲਬ ਪੇ ਆ ਸਕਤਾ ਨਹੀਂ'* ਦੀ ਮਜਬੂਰੀ ਕਾਰਨ ਆਖ਼ਰ ਇਨ੍ਹਾਂ ਸ਼ਬਦਾ ਨਾਲ ਹੀ ਇਸ ਲੇਖ ਨੂੰ ਸਮਾਪਤ ਕੀਤਾ ਜਾਂਦਾ ਹੈ ਕਿ ਧਰਮਸਾਲ (ਗੁਰਦੁਆਰੇ) ਦੀ ਸਹੀ ਅਜ਼ਮਤ ਸਮਝੇ ਤੋਂ ਬਿਨਾਂ ਅਤੇ ਇਸ ਦਾ ਪ੍ਰਬੰਧ ਧਰਮ-ਭਾਵਾਂ ਵਾਲਾ ਬਣਾਏ ਤੋਂ ਬਿਨਾਂ ਧਰਮ-ਪ੍ਰਚਾਰ-ਖੇਤਰ ਵਿਚ ਕਿੱਕਰ ਬੀਜ ਕੇ ਦਾਖਾਂ ਦੀ ਆਸ ਕਰਨ ਵਾਲੀ ਗੱਲ ਹੈ।

ਸਿਆਣਿਆਂ ਦਾ ਕਥਨ ਹੈ ਕਿ ਜੁੱਧ ਵਿਚ ਸਭ ਤੋਂ ਪਹਿਲੀ ਮੌਤ ਸੱਚ ਦੀ ਹੁੰਦੀ ਹੈ। ਆਪਸ ਵਿਚ ਦੀ ਖਿਚੋਤਾਣ, ਝਗੜਿਆਂ-ਝੇੜਿਆਂ ਤੇ ਧੜਿਆਂ ਦੀ ਜ਼ੋਰ-ਅਜ਼ਮਾਈ ਦਾ ਹੋਰ ਚਾਹੇ ਕੁਝ ਵੀ ਸਿੱਟਾ ਨਿਕਲੇ, ਪਰ ਇਕ ਮਹਾਨ ਕੌਮੀ ਘਾਟਾ ਅਵੱਸ਼ ਆ ਵਾਪਰਦਾ ਹੈ ਕਿ ਅਜਿਹੇ ਵਾਤਾਵਰਨ ਵਿਚ ਮਾੜੇ ਅਨਸਰ ਨੂੰ ਧੜੇ-ਬੰਦੀ ਦੀ ਮਜ਼ਬੂਤੀ ਖ਼ਾਤਰ ਘੁਰ-ਘੱਪ ਵਿਚ ਰੱਖਣਾ ਅਸੰਭਵ ਹੋ ਜਾਂਦਾ ਹੈ, ਅਤੇ ਇਸ ਸਭ ਕੁਝ ਦੇ ਫਲਸਰੂਪ ਫੇਰ, ਸਹੀ ਅਰਥਾਂ ਵਿਚ ਨਾ ਧਰਮ ਰਹਿ ਜਾਂਦਾ ਹੈ ਨਾ ਧਰਮਸਾਲ।

• • • • • • •



www.AKJ.Org

# ਕਰਾਮਾਤ

(ਵਲੋਂ-ਪ੍ਰੋਫ਼ੈਸਰ ਸਾਹਿਬ ਸਿੰਘ ਜੀ ਡੀ. ਲਿਟ.)

ਇਨਸਾਨ ਦੇ ਅੰਦਰ ਰੱਬੀ ਜੋਤਿ ਹੈ, ਇਸ ਦੇ ਪਾਸ ਅਮਿੱਤ ਤਾਕਤ ਦਾ ਖ਼ਜ਼ਾਨਾ ਹੈ, ਪਰ ਇਨਸਾਨੀ ਮਨ ਦੀਆਂ ਸੁਰਤਿ ਦੀਆਂ ਕਿਰਨਾਂ ਸਦਾ ਖਿੰਡੀਆਂ ਰਹਿੰਦੀਆਂ ਹਨ, ਸਾਰਾ ਦਿਨ ਇਹ ਛੋਟੇ ਬਾਲਾਂ ਵਾਂਗ ਮਾਇਕ-ਪਦਾਰਥਾਂ ਰੂਪ ਸੁੰਦਰ ਤਿਤਲੀਆਂ ਦੇ ਪਿਛੇ ਦੌੜਿਆ ਫਿਰਦਾ ਹੈ, ਇਸ ਵਾਸਤੇ ਮਨ ਕਮਜ਼ੋਰ ਰਹਿੰਦਾ ਹੈ, ਥੋੜੀ ਥੋੜੀ ਔਕੜ ਤੇ ਭੀ ਘਾਬਰਦਾ ਹੈ, ਸਹਿਮਿਆ ਜਿਹਾ ਰਹਿੰਦਾ ਹੈ। ਪਰ, ਜਿਨ੍ਹਾਂ ਵਿਰਲੇ ਵਡ-ਭਾਗੀਆਂ ਨੂੰ ਇਹ ਸਾਰ ਆਉਂਦੀ ਹੈ ਕਿ ਅੰਦਰ ਸੂਰਜ ਹੁੰਦਿਆਂ ਕਿਉਂ ਠਰੂੰ ਠਰੂੰ ਕਰਦੇ ਹਾਂ, ਉਹ ਮਨ-ਸੂਰਜ ਦੀਆਂ ਕਿਰਨਾਂ ਨੂੰ ਸਾਂਭਦੇ ਹਨ, ਥਾਂ ਥਾਂ ਨਹੀਂ ਭਟਕਦੇ, ਸੁਰਤਿ ਨੂੰ ਇਕ ਟਿਕਾਣੇ ਤੇ ਲਿਆਉਂਦੇ ਹਨ। ਸਿੱਟਾ ਕੀ ਨਿਕਲਦਾ ਹੈ ? ਆਤਮਕ ਤੇ ਮਾਨਿਸਕ ਬਲ ਵਧਦਾ ਹੈ, ਉਨ੍ਹਾਂ ਦੇ ਚਿਹਰੇ ਦਾ ਤੇਜ ਝੱਲਿਆ ਨਹੀਂ ਜਾਂਦਾ, ਜਿਧਰ ਨਿਗਾਹ ਕਰਦੇ ਹਨ, ਉਸ ਮਾਇਆ ਨੂੰ, ਜਿਸ ਦੇ ਪਿਛੇ ਨਿਤਾਣੀ ਦੁਨੀਆ ਤਰਲੇ ਲੈਂਦੀ ਦੌੜੀ ਫਿਰਦੀ ਹੈ, ਆਪਣੇ ਹੁਕਮ ਵਿਚ ਤੋਰਦੇ ਹਨ। ਆਮ ਲੋਕਾਂ ਦਾ ਮਨ ਖਿੰਡਾਉ ਵਿਚ ਆ ਕੇ, ਕਮਜ਼ੋਰ ਹੋ ਕੇ, ਹਰ ਕਿਸਮ ਦੇ ਰੋਗ ਸਹੇੜੀ ਜਾਂਦਾ ਹੈ, ਪਰ ਇਹ ਬਲਵਾਨ ਜੋਧੇ ਉਨ੍ਹਾਂ ਦੇ ਰੋਗਾਂ ਨੂੰ ਆਪਣੀ ਇਕ ਨਿਗਾਹ ਨਾਲ ਭਸਮ ਕਰ ਦਿੰਦੇ ਹਨ। ਲੋਕਾਂ ਦੇ ਭਾਣੇ ਇਹ ਕਰਾਮਾਤ ਹੈ।

ਕੀ ਅਜਿਹੀ ਤਾਕਤ ਹਾਸਲ ਕਰਨੀ ਕੋਈ ਅਸੰਭਵ ਕਾਂਡ ਹੈ ? ਨਹੀਂ। ਅੱਜ ਕਲ੍ਹ ਦੇ ਸਮੇਂ ਵਿਚ ਹੀ ਤੱਕੋ ! ਸਮਿਰਿਜ਼ਮ, ਹਿਪਨਾਟਿਜ਼ਮ ਅਤੇ ਹਮਜ਼ਾਦ ਆਦਿਕ ਐਸੇ ਅਭਿਆਸ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਲੋਕ ਅਜਿਹੇ ਕੰਮ ਕਰ ਵਿਖਾਉਂਦੇ ਹਨ, ਜੋ ਆਮ ਬੰਦਿਆ ਵਾਸਤੇ ਕਰਾਮਾਤ ਹਨ। ਕਈ ਅਸਾਧ ਰੋਗ ਰਾਜ਼ੀ ਕੀਤੇ ਜਾਂਦੇ ਹਨ। ਪਰ ਇਹ ਮੈਸਮਿਰਿਜ਼ਮ ਕੀ ਹੈ ? ਬੱਸ ਇਨਸਾਨ ਦੀ ਖਿੰਡੀ ਹੋਈ ਸੁਰਤਿ ਨੂੰ ਇਕੱਠਾ ਕਰਨਾ। ਸਮਿਰਿਜ਼ਮ ਵਿਚ ਸਫਲਤਾ ਹਾਸਲ ਕਰਨ ਵਾਸਤੇ ਕਈ ਸਾਧਨ ਕਰਨੇ ਪੈਂਦੇ ਹਨ, ਮਹੀਨਿਆਂ-ਬੱਧੀ, ਸਾਲਾਂ-ਬੱਧੀ, ਪਰ ਸਭ ਤੋਂ ਜ਼ਰੂਰੀ ਹੈ ਏਕਾਂਤ ਸਮਾਂ, ਏਕਾਂਤ ਥਾਂ ਤੇ ਸਮੇਂ ਦੀ ਪਾਬੰਦੀ। ਰੋਜ਼ ਇਕ ਖ਼ਾਸ ਮਿਥੇ ਸਮੇਂ ਤੇ, ਜਦੋਂ ਚਾਰ ਚੁਫੇਰੇ ਕੁਦਰਿਤ ਅਡੋਲ ਤੇ ਸ਼ਾਂਤ ਹੋਵੇ, ਨਿਗਾਹ ਦੀ ਸਹਾਇਤਾ ਨਾਲ ਮਨ ਨੂੰ ਇਕ ਨਿਸ਼ਾਨੇ ਤੇ ਲਿਆਉਣ ਦਾ ਜਤਨ ਕਰੀਦਾ ਹੈ, ਜਿਉਂ ਜਿਉਂ ਪਹਿਲੇ ਸਾਧਨਾਂ ਵਿਚ ਕਾਮਯਾਬੀ ਹੁੰਦੀ ਹੈ, ਤਿਉਂ ਤਿਉਂ ਔਖੇ ਸਾਧਨਾਂ ਦਾ ਅਭਿਆਸ ਕਰੀਦਾ ਹੈ। ਇਨ੍ਹਾਂ ਸਾਧਨਾਂ ਦੇ ਨਾਲ ਕਈ ਜੀਵਨ-ਬੰਧੇਜ ਭੀ ਹੁੰਦੇ ਹਨ।

ਅਕਾਲ ਪੁਰਖ ਦੀ ਬੰਦਗੀ ਭੀ ਵਧੇ ਮਨ ਦੀਆਂ ਮਾਰਾਂ ਨੂੰ ਰੋਕਣ ਦਾ ਸਾਧਨ ਹੈ, ਅਸ਼ਾਂਤੀ ਪੈਦਾ ਕਰਨ ਵਾਲੀ ਦੌੜ-ਭੱਜ ਨੂੰ ਥੰਮ੍ਹਣ ਦਾ ਵਸੀਲਾ ਹੈ, ਮੇਰ-ਤੇਰ ਪੈਦਾ ਕਰਨ ਵਾਲੀ ਵਿੱਥ ਨੂੰ ਮਿਟਾਣ ਦਾ ਤਰੀਕਾ ਹੈ, ਖਿੰਡੀ ਹੋਈ ਸੁਰਤਿ ਨੂੰ ਦਰ ਦਰ ਭਟਕਣੋਂ ਹਟਾ ਕੇ ਇਕ ਕਰਤੇ ਦੀ ਟੇਕ ਦੇ ਧੁਰੇ ਤੇ ਲਿਆਉਣ ਦਾ ਜ਼ਰੀਆ ਹੈ। ਜੋ ਇਹ ਰਸਤਾ ਪਕੜਦੇ ਹਨ, ਕੋਈ ਅਜਬ ਗੱਲ ਨਹੀਂ ਕਿ ਉਨ੍ਹਾਂ ਦੀ ਸੁਰਤਿ ਉੱਚੀ ਹੋਵੇ, ਉਨ੍ਹਾਂ ਦੇ ਮਨ ਦੀਆਂ ਕਿਰਨਾਂ ਨਫ਼ਸਾਨੀ ਖ਼ਾਹਸ਼ਾਂ ਵਲੋਂ ਸਿਮਟ ਕੇ ਇਕ ਪਿਆਰ-ਕੇਂਦਰ ਤੇ ਇਕੱਠੀਆਂ ਹੋਣ ਤੇ ਉਹ ਬਲੀ ਜੋਧੇ ਇਕ ਪਿਆਰ ਨਿਗਾਹ ਨਾਲ ਉਹ ਉਹ ਕੰਮ ਕਰ ਵਿਖਾਣ ਜੋ ਆਮ ਲੋਕਾਂ ਦੇ ਭਾਣੇ ਕਰਾਮਾਤ ਹੋਣ।

(੨)

**ਕੀ *'ਕਰਾਮਾਤਿ'* ਸਾਧਾਰਨ ਕੁਦਰਤੀ ਨਿਯਮਾਂ ਨੂੰ ਉਲਟਾ ਦੇਂਦੀ ਹੈ ?**

ਸਾਇੰਸ ਨੇ ਹੁਣ ਤਕ ਇਹ ਦੀਸਆ ਹੈ ਕਿ ਇਹ ਸਾਰਾ ਜਗਤ (Enargy) *'ਸ਼ਕਤੀ'* ਤੋਂ ਬਣਿਆ ਹੈ, ਇਸ ਦਿਸਦੇ ਅਤੇ ਅਣ-ਦਿਸਦੇ ਜਗਤ ਨੂੰ ਖ਼ਾਸ ਲੀਹਾਂ ਵਿਚ ਤੋਰਨ ਵਾਸਤੇ ਖ਼ਾਸ ਨਿਯਮ ਹਨ, ਜੋ ਇਕ ਨਿੱਕੇ ਜਿਹੇ ਫੁੱਲ ਵਿਚ ਭੀ ਉਸੇ ਤਰ੍ਹਾਂ ਕੰਮ ਕਰ ਰਹੇ ਹਨ, ਜਿਵੇਂ ਸੂਰਜ ਚੰਦ ਆਦਿਕ ਗ੍ਰਹਿਆਂ ਵਿਚ। ਸਾਰੀ ਕੁਦਰਤ ਇਨ੍ਹਾਂ ਨਿਯਮਾਂ ਦੇ ਅੰਦਰ ਇਕ-ਸੁਰ ਕਾਇਮ ਹੈ। ਮਨੁੱਖ ਨੇ ਮਿਹਨਤ ਕਰ ਕੇ ਕਈ ਨਿਯਮ ਲੱਭ ਲਏ ਹਨ, ਤੇ ਇਨ੍ਹਾਂ ਤੋਂ ਕਈ ਕਿਸਮ ਦੇ ਸੁਖ ਲੈ ਰਿਹਾ ਹੈ, ਪਰ, ਅਜੇ ਅਨੰਤ ਕੁਦਰਿਤ ਪਈ ਹੈ, ਇਸ ਦੀ ਡੂੰਘਾਈ ਅਥਾਹ ਹੈ, ਅਜੇ ਤਾਂ ਇਸ ਅਥਾਹ ਸਮੁੰਦਰ ਦੇ ਕੰਢੇ ਤੇ ਹੀ ਮਨੁੱਖ ਖੜਾ ਹੈ। ਜਿਥੇ ਸਾਧਾਰਨ ਸਮਝ ਵਾਲੇ ਬੰਦੇ ਨੂੰ ਕਿਸੇ ਇਕ ਕੁਦਰਤੀ ਨਿਯਮ ਦਾ ਕਿਤੇ ਉਲੰਘਣ ਜਾਪਦਾ ਹੈ, ਉਥੇ ਅਸਲ ਵਿਚ ਕੁਦਰਿਤ ਦਾ ਕੋਈ ਹੋਰ ਨਿਯਮ ਕੰਮ ਕਰ ਰਿਹਾ ਹੁੰਦਾ ਹੈ। ਡਾਕਟਰ ਦੀਆਂ ਦਵਾਈਆਂ ਨਾਲ ਕਿਸੇ ਰੋਗ ਦਾ ਰਾਜ਼ੀ ਉਤਨਾ ਹੀ ਕ਼ੁਦਰਤੀ ਹੈ ਜਿਤਨਾ ਕਿ ਕਿਸੇ ਮੈਸਮਿਰਿਜ਼ਮ-ਅਭਿਆਸੀ ਦੀ ਨਿਗਾਹ ਨਾਲ।

(੩)

**ਕੀ ਸਤਿਗੁਰੂ ਜੀ 'ਕਰਾਮਾਤ' ਵਿਖਾਣ ਦੇ ਵਿਰੁੱਧ ਸਨ?**

ਕਿਸੇ ਪਿੰਡ ਵਿਚ ਜੋ ਕੋਈ ਬੰਦਾ ਬਹੁਤੀਆਂ ਬਾਹਾਂ



www.AKJ.Org

ਵਾਲਾ ਹੋ ਜਾਏ, ਜਾਂ ਬਹੁਤੇ ਧਨ ਮਿਲਖ ਵਾਲਾ ਹੋ ਜਾਏ ਤਾਂ ਕਈ ਵਾਰੀਇਹ ਦੇਖਣ ਵਿਚ ਆਉਂਦਾ ਹੈ ਕਿ ਉਹ ਆਂਢ-ਗੁਆਂਢ ਦੇ ਲੋਕਾਂ ਨੂੰ ਆਪਣੀ ਤਾਕਤ ਦੇ ਮਾਣ ਕਰਕੇ ਸੁਖੀ ਨਹੀਂ ਵੱਸਣ ਦੇਂਦਾ। ਕਵੀ ਤੁਲਸੀ ਦਾਸ ਨੇ ਰਾਮਾਇਣ ਵਿਚ ਲਿਖਿਆ ਹੈ -

ਐਸੋ ਕੋ ਜਨਮਯੋ ਜਗ ਮਾਹੀਂ।
ਪ੍ਰਭਤਾ ਪਾਇ ਜਾਸੁ ਮਦੁ ਨਾਹੀਂ।

ਬਾਹੂ-ਬਲ ਦਾ ਮਾਣ, ਧਨ ਮਿਲਖ ਦਾ ਅਹੰਕਾਰ, ਜਾਂ ਰਾਜ ਆਦਿਕ ਦੀ ਆਕੜ ਮਨੁੱਖ ਨੂੰ ਇਕ ਨਸ਼ੇ ਜਿਹੇ ਵਿਚ ਰਖਦੀ ਹੈ, ਜਿਵੇਂ ਨਸ਼ਈ ਮਨੁੱਖ ਸੁਰਤਿ-ਹੀਣਾ ਹੋ ਕੇ ਅਰਲ-ਬਰਲ ਬੋਲਦਾ ਹੈ ਤੇ ਕਮਜ਼ੋਰਾਂ ਉਤੇ ਵਾਰ ਕਰਨੋਂ ਸੰਗਦਾ ਨਹੀਂ, ਤਿਵੇਂ ਹੀ ਦੁਨੀਆ ਦੇ ਮਾਣ-ਮੱਤੇ ਦਾ ਹਾਲ ਹੈ।

ਮਨ ਦੀ ਇਕਾਗ੍ਰਤਾ ਦੀ ਰਾਹੀਂ ਹਾਸਲ ਕੀਤੀ ਹੋਈ ਮਾਨਸਿਕ ਤਾਕਤ ਭੀ ਮਨੁੱਖ ਨੂੰ ਅਹੰਕਾਰ ਵਿਚ ਲਿਆ ਸਕਦੀ ਹੈ। ਸੰਸਾਰ ਦੇ ਰੋਗੀ ਲੋੜਵੰਦ ਬੰਦੇ ਇਨ੍ਹਾਂ ਦੇ ਦਰ ਤੇ ਜਾਣੇ ਤਾਂ ਹੋਏ ਹੀ, ਆਪਣੀਆਂ ਤ੍ਰੁਟੀਆਂ ਦੇ ਕਾਰਨ ਇਨ੍ਹਾਂ ਨੇ ਬਲੀ ਮਨ ਵਾਲੇ ਮਨੁੱਖਾਂ ਦੀ ਸੇਵਾ ਭੀ ਕਰਨੀ ਹੀ ਹੋਈ। ਨਤੀਜਾ ਕੀ ਨਿਕਲਦਾ ਹੈ ? ਮਨ ਦੀ ਇਸ ਤਾਕਤ ਨੂੰ ਉਹ ਲੋਕ ਆਮ ਤੌਰ ਤੇ ਲੋਕਾਂ ਪਾਸੋਂ ਮਾਣ ਪੂਜਾ ਕਰਾਣ ਵਿਚ ਵਰਤਣ ਲੱਗ ਪੈਂਦੇ ਹਨ, ਤੇ ਜੇ ਕਿਤੇ ਕੋਈ ਇਨ੍ਹਾਂ ਅੱਗੇ ਅੜ ਖਲੋਏ ਤਾਂ ਉਸ ਉਤੇ ਇਨ੍ਹਾਂ ਦਾ ਨਾਰਾਜ਼ ਹੋ ਜਾਣਾ ਭੀ ਕੁਦਰਤੀ ਹੀ ਹੋਇਆ। ਸੋ, ਜੱਗ-ਬੀਤੀ ਵਿਚ ਇਹ ਗੱਲ ਆਮ ਤੌਰ ਤੇ ਵਾਪਰੀ ਮਿਲਦੀ ਹੈ ਕਿ ਬੰਦੇ ਰੱਬੀ ਰਾਹ ਤੇ ਤੁਰ ਕੇ ਮਨ ਦੀਆਂ ਰਿੱਧੀਆਂ ਸਿੱਧੀਆਂ ਤੇ ਕਰਾਮਾਤਾਂ ਉੱਤੇ ਹੀ ਅਟਕ ਖਲੋਤੇ, ਮਾਣ ਪੂਜਾ ਦੇ ਪੱਤਣ ਤੇ ਹੀ ਰੁਕ ਗਏ। ਉਹ ਅਸਲੀ ਇਨਸਾਨੀ ਆਦਰਸ਼ ਤੋਂ ਆਪ ਡਿੱਗ ਕੇ ਹੋਰਨਾਂ ਨੂੰ ਡੇਗਣ ਦੇ ਆਹਰੇ ਲੱਗ ਪਏ, ਕਿਉਂਕਿ ਆਦਰਸ਼ ਹੈ :-

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।।

ਜੋਗੀਆਂ ਸਿੱਧਾਂ ਤੇ ਸੂਫ਼ੀ ਫ਼ਕੀਰਾਂ ਪਾਸ ਗੁਰੂ ਨਾਨਕ ਦੇਵ ਜੀ ਉਚੇਚੇ ਉਥੇ ਓਥੇ ਅਪੜੇ, ਜਿਥੇ ਮਨ ਦੀ ਤਾਕਤ ਨੂੰ ਗ਼ਲਤ ਰਾਹੇ ਵਰਤ ਕੇ ਆਮ ਜਨਤਾ ਉੱਤੇ ਦਬਾਉ ਪਾਇਆ ਜਾ ਰਿਹਾ ਸੀ। ਪੀਰ ਹਮਜ਼ਾ ਗੌਸ ਚਲੀਹੇ ਵਿਚ ਬੈਠ ਕੇ ਸਾਰੇ ਸ਼ਹਿਰ ਸਿਆਲਕੋਟ ਨੂੰ ਗ਼ਰਕ ਕਰਨ ਦੀ ਤਿਆਰੀ ਕਰ ਰਿਹਾ ਸੀ। ਪੀਰ ਵਲੀ ਕੰਧਾਰੀ ਆਂਢ-ਗੁਆਂਢ ਦਾ ਕੁਦਰਤੀ ਜਲ ਸਮੇਟ ਕੇ ਉਨ੍ਹਾਂ ਬੰਦਿਆਂ ਨੂੰ ਇਸ ਰੱਬੀ ਦਾਤਿ ਤੋਂ ਵਾਂਝੇ ਰਖਣ ਦਾ ਯਤਨ ਕਰ ਰਿਹਾ ਸੀ, ਜੋ ਇਸ ਦੇ ਸੇਵਕ ਨਹੀਂ ਸਨ। ਨਗਰ *'ਡਿੰਗੋ'* ਵਿਚ ਇਕ ਜੋਗੀ ਚਲੀਹੇ ਕੱਟ ਕੱਟ ਕੇ ਲੋਕਾਂ ਤੋਂ ਪੂਜਾ ਕਰਾ ਰਿਹਾ ਸੀ। ਭੇਰੇ ਵਿਚ *'ਸਹੁ ਸੋਹਾਗਣਿ'* ਫ਼ਕੀਰ ਭੀ ਇਸੇ ਆਹਰੇ ਲੱਗਾ ਹੋਇਆ ਸੀ। ਤਦੋਂ ਦੇਸ ਵਿਚ ਹੋਰ ਕਈ ਐਸੇ ਜੋਗੀ ਤੇ ਫ਼ਕੀਰ ਸਨ ਜੋ ਬੰਦਗੀ ਦੇ ਰਾਹ ਵਿਚ ਅਟਕ ਕੇ ਲੋਕਾਂ ਨੂੰ *'ਨਾਟਕ ਚੇਟਕ'* ਵਿਖਾਣ ਵਿਚ ਰੁੱਝ ਗਏ ਸਨ। ਇਹ ਦੋਹੀਂ ਧਿਰੀਂ ਨੁਕਸਾਨ ਹੋ ਰਿਹਾ ਸੀ। ਸੋ, ਸਤਿਗੁਰੂ ਜੀ ਨੇ ਜਿਥੇ ਜੋਗੀਆਂ ਨੂੰ ਇਸ 'ਅੱਤ' ਤੋਂ ਰੋਕਿਆ ਉਥੇ ਆਮ ਲੋਕ ਨੂੰ ਭੀ ਰਾਹੇ ਪਾਇਆ ਕਿ ਜੋ ਮਾਰਨ ਰੱਖਣ ਤੇ ਪਾਲਣ ਵਾਲਾ ਇਕ ਸਿਰਜਣਹਾਰ ਹੈ ਉਸ ਦੇ ਚਰਨਾਂ ਵਿਚ ਜੁੜਨ ਦੀ ਲੋੜ ਹੈ, ਫਿਰ ਦੁਨੀਆਂ ਦੀਆਂ ਅਜਿਹੀਆਂ ਤਾਕਤਾਂ ਆਪੇ ਪਿੱਛੇ ਲਗੀਆਂ ਫਿਰਦੀਆਂ ਹਨ।

(੪)

ਕੀ ਸਤਿਗੁਰੂ ਜੀ ਨੇ ਖ਼ੁਦ ਕਦੇ ਕਰਾਮਾਤ ਕੀਤੀ ? ਜੇ ਕੀਤੀ ਤਾਂ ਕਿਉਂ ?

ਅਸੀਂ ਇਹ ਵੇਖ ਆਏ ਹਾਂ ਕਿ ਕਰਾਮਾਤ ਕੋਈ ਅਨਹੋਣੀ ਚੀਜ਼ ਨਹੀਂ, ਜੋ ਭੀ ਮਨੁੱਖ ਮਨ ਦੀ ਦੌੜ- ਭੱਜ ਨੂੰ ਰੋਕ ਕੇ ਕਿਸੇ ਨਿਸ਼ਾਨੇ ਤੇ ਟਿਕਦੇ ਹਨ ਉਨ੍ਹਾਂ ਦੇ ਅੰਦਰ ਇਕ ਚਮਕ ਪੈਦਾ ਹੋ ਜਾਂਦੀ ਹੈ। ਪਰ, ਇਸ ਤਾਕਤ ਨੂੰ ਜਰਨਾ ਸੂਰਮਿਆ ਦਾ ਕੰਮ ਹੁੰਦਾ ਹੈ, ਜੋ ਇਸ ਤਾਕਤ ਦਾ ਵਿਖਾਵਾ ਕਰਨ ਲਗ ਪਏ ਉਹ ਰਹਿ ਗਏ। ਬੰਦਗੀ ਇਸ ਤੋਂ ਅਗਾਂਹ ਲੈ ਜਾਂਦੀ ਹੈ। ਕਬੀਰ ਜੀ ਨੇ ਇਸ ਦੇ ਦੋ ਪ੍ਰਤੱਖ ਅੰਗ ਦੱਸੇ ਹਨ :-

ਕਬੀਰ ਨੀਚੇ ਲੋਇਣ ਕਰਿ ਰਹਉ,
ਲੇ ਸਾਜਨ ਘਟ ਮਾਹਿ।।
ਸਭ ਰਸ ਖੇਲਉ ਪੀਅ ਸਉ,
ਕਿਸਹੂ ਲਖਾਵਉ ਨਾਹਿ।।੨੩੪।।
ਆਠ ਜਾਮ ਚਉਸਠਿ ਘਰੀ,
ਤੁਅ ਨਿਰਖਤ ਰਹੈ ਜੀਉ।।
ਨੀਚੇ ਲੋਇਣ ਕਿਉ ਕਰਉ,
ਸਭ ਘਟ ਦੇਖਉ ਪੀਉ।।੨੩੫।।

ਜਿਹੜਾ ਮਨ ਸਾਰਾ ਦਿਨ ਸੁੰਦਰ ਤਿਤਲੀਆਂ ਹੀ ਫੜਨ ਵਿਚ ਰੁੱਝਾ ਰਹੇ, ਉਸਦੇ ਅੰਦਰ ਤਾਕਤ ਕਿਵੇਂ ਆਵੇ ? ਸੋ, ਇਹ ਜ਼ਰੂਰੀ ਹੈ ਕਿ ਪਹਿਲਾਂ ਮਨ ਦੀਆਂ ਵਾਗਾਂ ਨੂੰ ਸੰਭਾਲਿਆਂ ਜਾਏ। ਮਨ ਨੂੰ ਵਿਕਾਰਾਂ ਕੋਲੋਂ ਰੋਕਣ ਲਈ ਇਸ ਨੂੰ ਅੰਦਰ-ਵਸਦੇ ਕਰਤਾਰ-ਕੇਂਦਰ ਦੇ ਦੁਆਲੇ ਲਾਵਾਂ ਦੁਆਣੀਆਂ ਹਨ। ਇਹ ਹੈ ਬੰਦਗੀ ਦਾ ਪਹਿਲਾ ਅੰਗ। ਪਰ ਇਹ ਕਾਫ਼ੀ ਨਹੀਂ। ਖ਼ਾਲਕ ਨੂੰ ਆਪਣੇ ਅੰਦਰ ਤੱਕ



www.AKJ.Org

ਕੇ, ਖ਼ਲਕਤਿ ਵਿੱਚ ਭੀ ਵੇਖਣਾ ਹੈ। ਇਸ ਅਵਸਥਾ ਦਾ ਜ਼ਿਕਰ ਗੁਰੂ ਅਰਜਨ ਸਾਹਿਬ ਇਉਂ ਕਰਦੇ ਹਨ-

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧ ਸੰਗਤਿ ਮੋਹਿ ਪਾਈ॥੧॥ਰਹਾਉ॥
ਨਾ ਕੋ ਬੈਰੀ ਨਾਹਿ ਬਿਗਾਨਾ,
ਸਗਲ ਸੰਗਿ ਹਮ ਕਉ ਬਨਿ ਆਈ॥ ੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ
ਇਹ ਸੁਮਤਿ ਸਾਧੂ ਤੇ ਪਾਈ ॥੨॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ।
ਪੇਖਿ ਪੇਖਿ ਨਾਨਕ ਬਿਗਸਾਈ॥੩॥੮॥

(ਕਾਨੜਾ ਮ: ੫)

ਸੋ, ਜੋ ਰੱਬੀ-ਪਿਆਰੇ ਇਸ ਟਿਕਾਣੇ ਤੇ ਅਪੜੇ ਹਨ, ਉਨ੍ਹਾਂ ਦੇ ਅੰਦਰ ਨਿਰੀ ਆਤਮਕ ਤਾਕਤ ਹੀ ਨਹੀਂ ਹੈ, ਖ਼ਲਕਤ ਨਾਲ ਪਿਆਰ ਭੀ ਠਾਠਾਂ ਮਾਰ ਰਿਹਾ ਹੈ, ਕਿਉਂਕਿ ਇਸ ਖ਼ਲਕਤ ਵਿੱਚ ਉਨ੍ਹਾਂ ਨੂੰ ਆਪਣਾ ਪਿਆਰਾ ਖ਼ਾਲਕ ਦਿਸ ਰਿਹਾ ਹੈ। ਉਨ੍ਹਾਂ ਦੇ ਅੰਦਰੋਂ "ਆਪਾ ਪਰ ਕਾ" ਮਿਟ ਜਾਂਦਾ ਹੈ। ਇਸ ਉੱਚੀ ਚੋਟੀ ਤੇ ਬੈਠ ਕੇ *'ਆਪੇ'* ਦੀ ਖ਼ਾਤਰ *'ਮਾਨਸਿਕ ਤਾਕਤ'* ਵਿਖਾ ਕੇ 'ਓਪਰਿਆਂ' ਤੋਂ ਮਾਣ ਆਦਰ ਕਰਾਣ ਦੀ ਲਾਲਸਾ ਰਹਿ ਹੀ ਨਹੀਂ ਜਾਂਦੀ। ਇਥੇ ਤਾਂ ਜਦ ਹੁਲਾਰਾ ਆਉਂਦਾ ਹੈ, 'ਪਿਆਰ' ਦਾ ਆਉਂਦਾ ਹੈ ਤੇ *'ਆਪਾ'* ਵਾਰਨ ਦੀ ਖੇਡ ਖੇਡੀਦੀ ਹੈ। ਸੋ, ਜਦ ਕਦੇ ਸਤਿਗੁਰੂ ਜੀ ਨੇ ਆਮ ਲੋਕਾਂ ਦੀ ਤਾਕਤ ਤੋਂ ਅਗਾਂਹ ਦਾ ਕੋਈ ਕੰਮ ਕੀਤਾ, ਜਿਸ ਨੂੰ ਆਮ ਲੋਕਾਂ *'ਕਰਾਮਾਤ'* ਸਮਝਿਆ, ਉਹ *'ਆਪੇ'* ਦੇ *'ਵਿਖਾਵੇ'* ਵਾਸਤੇ ਨਹੀਂ ਸੀ ਹੁੰਦਾ ਉਹ ਦੁਨੀਆਂ ਦੇ ਦਰਦ ਵੰਡਣ ਦੀ ਖ਼ਾਤਰ ਹੁੰਦਾ ਸੀ। *'ਵਿਖਾਵੇ'* ਦੀ ਖ਼ਾਤਰ ਤਾਂ ਕਿਤੇ ਰਿਹਾ, *'ਆਪੇ'* ਦੇ *'ਬਚਾਉ'* ਵਾਸਤੇ ਭੀ ਇਹ ਉਚੇ ਚੇ ਕੰਮ ਕਰਨੋਂ ਨਾਂਹ ਕੀਤੀ। ਗੁਰੂ ਤੇਗ਼ ਬਹਾਦਰ ਸਾਹਿਬ ਤੋਂ ਜਿੰਦ ਦੇ ਵੱਟੇ ਕਰਾਮਾਤ ਮੰਗੀ ਸੀ, ਪਰ-

ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥

(ਬਚਿਤ੍ਰ ਨਾਟਕ)

(੫)

ਸਤਿਗੁਰੂ ਜੀ ਨੇ ਆਪਣੇ ਸਾਹਿਬਜਾਦਿਆਂ ਨੂੰ ਕਰਾਮਾਤ ਤੋਂ ਕਿਉਂ ਵਰਜਿਆ ?

ਪਿਛੇ ਅਸੀਂ ਵੇਖ ਆਏ ਹਾਂ ਕਿ ਬਾਹੂ-ਬਲ, ਧਨ ਮਿਲਖ ਤੇ ਰਾਜ ਦਾ ਮਾਣ ਮਨੁੱਖ ਦਾ ਸਿਰ ਭਵਾ ਦੇਂਦਾ ਹੈ। ਪਰ 'ਬਲ' ਮਾੜੀ ਚੀਜ਼ ਨਹੀਂ, ਬਲੀ ਜੋਧੇ ਦੇਸਾਂ ਤੇ ਕੌਮਾਂ ਦੇ ਫ਼ਖ਼ਰ ਦਾ ਥਾਂ ਹਨ। ਕੀ ਸਰੀਰਕ ਤੌਰ ਤੇ ਬਲੀ ਤੇ ਕੀ ਮਾਨਸਿਕ ਤੌਰ ਤੇ ਬਲੀ, ਇਹ ਦੇਸ ਦੀ ਇੱਜ਼ਤ ਤੇ ਅਣਖ ਦੇ ਰਾਖੇ ਹੁੰਦੇ ਹਨ। ਸੋ *'ਬਲ'* ਇੱਕ ਦੁਧਾਰਾ ਖੰਡਾ ਹੈ। ਅੰਞਾਣ ਦੇ ਹੱਥ ਵਿਚ ਆਇਆ ਹੋਇਆ ਇਹ ਖੰਡਾ ਉਸ ਦਾ ਆਪਣਾ ਹੀ ਲਾਗੂ ਹੋ ਜਾਂਦਾ ਹੈ, ਪਰ, ਤਜਰਬਾਕਾਰ ਸਿਆਣੇ ਸੂਰਮੇ ਦੇ ਹੱਥ ਵਿੱਚ ਆ ਕੇ ਇਹ *'ਅਣਖ'* ਦਾ ਰਾਖਾ ਬਣਦਾ ਹੈ।

ਬੰਦਗੀ ਦੇ ਘਾਟ ਤੇ *'ਮਾਨਸਿਕ ਤਾਕਤ'* ਪੈਦਾ ਹੋ ਜਾਣੀ ਇਕ ਸਾਧਾਰਨ ਗੱਲ ਹੈ, ਪਰ, ਇਸ ਦੇ ਵਰਤਣ ਵਿੱਚ ਬੜੀ ਭਾਰੀ ਸਿਆਣਪ ਦੀ ਲੋੜ ਪੈਂਦੀ ਹੈ। *'ਆਪੇ'* ਦੀ ਖ਼ਾਤਰ ਵਰਤਿਆਂ ਇਹ ਆਮ ਤੌਰ ਤੇ ਔਝੜੇ ਪਾ ਦੇਂਦੀ ਹੈ। ਬਾਬਾ ਅਟੱਲ ਸਾਹਿਬ ਤੇ ਬਾਬਾ ਗੁਰਦਿੱਤਾ ਜੀ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਨੇ *'ਕਰਾਮਾਤ'* ਤੋਂ ਵਰਜਿਆ ਸੀ, ਕਿਉਂਕਿ ਇਹ ਰਸਤਾ ਉਨ੍ਹਾਂ ਨੂੰ ਆਪਣੇ ਸਿੱਖਾਂ ਪੁੱਤਾਂ ਵਾਸਤੇ ਖ਼ਤਰਨਾਕ ਦਿਸਦਾ ਸੀ।

ਗੁਰੂ ਹਰਿ ਰਾਇ ਸਾਹਿਬ ਜੀ ਨੇ ਔਰੰਗਜ਼ੇਬ ਦੇ ਸੱਦਣ ਤੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੂੰ ਦਿੱਲੀ ਭੇਜਿਆ ਤੇ ਤਾਕੀਦ ਕੀਤੀ ਕਿ ਹਰ ਗੱਲੇ ਗੁਰੂ ਦੀ ਓਟ ਪਕੜੀ ਰਖਣੀ। ਬਾਬਾ ਜੀ *'ਮਾਨਸਿਕ ਬਲ'* ਤਾਂ ਹਾਸਲ ਕਰ ਚੁੱਕੇ ਹੋਏ ਸਨ। ਪਰਖ ਦੇ ਵੇਲੇ *'ਗੁਰੂ'* ਨੂੰ ਆਸਰਾ ਪਰਨਾ ਬਣਾਉਣ ਦੀ ਥਾਂ ਉਹ ਆਪਣੇ *'ਮਾਨਸਿਕ ਬਲ'* ਦੀ ਸਹਾਇਤਾ ਲੈਂਦੇ ਰਹੇ, ਕਈ ਕਰਾਮਾਤਾਂ ਵਿਖਾਈਆਂ। ਆਖ਼ਰ ਸਿੱਟਾ ਕੀ ਨਿਕਲਿਆ ? ਚਿਰ ਲਈ ਵਿਛੜ ਗਏ।

ਗੁਰੂ ਹਰਿ ਰਾਏ ਸਾਹਿਬ ਜੀ ਜਦੋਂ ਇਕ ਸ਼ਾਦੀ ਦੇ ਸਮੇਂ ਤੇ ਕਰਤਾਰਪੁਰ ਆਏ, ਇਥੇ ਇਕ ਬ੍ਰਾਹਮਣ ਦਾ ਇਕਲੌਤਾ ਪੁੱਤਰ ਮਰ ਗਿਆ। ਉਹ ਚੁਕਿਆ-ਚੁਕਾਇਆ ਲੋਥ ਨੂੰ ਗੁਰੂ-ਦਰ ਤੇ ਲੈ ਆਇਆ, ਹਠ ਕਰ ਕੇ ਬੈਠ ਗਿਆ ਜੇ ਬਾਲਕ ਨਹੀਂ ਜਿਵਾਉਗੇ ਤਾਂ ਭੁੱਖਾ ਤਿਹਾਇਆ ਇਥੇ ਹੀ ਪ੍ਰਾਣ ਦੇ ਦਿਆਂਗਾ, ਕਿਸੇ ਨੂੰ ਗੁਰੂ ਘਰ ਦੀ ਇੱਜ਼ਤ ਦਾ ਫ਼ਿਕਰ ਪਿਆ। ਆਖ਼ਰ ਅਰਜ਼ ਕੀਤੀਓਨੇ ਬਾਲਕ ਜੀਵੇ। ਬਚਨ ਹੋਇਆ, ਜੇ ਇਹ ਹੁਲਾਰਾ ਆਇਆ ਹੈ ਤਾਂ ਕੋਈ *'ਆਪਾ'* ਵਾਰੇ, ਜਿੰਦ ਦੇ ਥਾਂ ਜਿੰਦ ਸਦਕੇ ਕਰੇ।

ਸੋ, *'ਕਰਾਮਾਤ'* ਤਾਂ *'ਆਪਾ'* ਭੇਟ ਮੰਗਦੀ ਹੈ, *'ਆਪੇ ਦੀ ਖ਼ਾਤਰ'* ਨਹੀਂ, ਤੇ ਇਸ ਚੋਟੀ ਅਪੜਦਾ ਹੈ :-

ਕੋਟਿ ਮਧੇ ਕੋਈ ਵਿਰਲਾ ਸੇਵਕੁ॥

(ਗੂਜਰੀ ਮ: ੫)

▪▪▪▪▪▪▪▪▪▪▪▪▪



www.AKJ.Org

# ਭੰਗਾਣੀ ਦਾ ਜੁੱਧ-ਉਦਾਸੀ-ਮਹੰਤ ਕਿਰਪਾਲ ਦੀ ਜ਼ੁਬਾਨੀ

(ਪ੍ਰਿੰਸੀਪਲ ਸੁਜਾਨ ਸਿੰਘ ਜੀ,)

ਲੰਮੇ-ਮੋਟੇ, ਜਟਾ-ਜੂਟ, ਰਿਸ਼ੀ-ਰੂਪ, ਅਧ-ਕੱਜੇ ਸੰਤ ਨੇ ਜਦ ਪਿੰਡ ਤੋਂ ਬਾਹਰ ਬੋੜ੍ਹ ਦੀ ਛਾਵੇਂ ਧੂਣੀ ਰਮਾਈ ਤਾਂ ਉਸੇ ਸ਼ਾਮ ਪਿੰਡ ਦੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਦਰਸ਼ਨਾਂ ਲਈ ਆਣ ਇੱਕਠੇ ਹੋਏ। ਸੰਤ ਜੀ ਦਾ ਭੇਖ ਉਦਾਸੀ ਜਾਪਦਾ ਸੀ ਅਤੇ ਉਹ ਗੁਰਬਾਣੀ ਦੇ ਆਧਾਰ ਤੇ ਆਤਮਕ ਤੇ ਪਰਮਾਰਥਕ ਉਪਦੇਸ਼ ਦਿੰਦੇ ਸਨ। ਉਨ੍ਹਾਂ ਦੇ ਦਰਸ਼ਨਾਂ ਵਿੱਚ ਇੱਕ ਖਿੱਚ ਸੀ, ਮਹਾਨ ਕਾਇਆ ਵਿਸਮੈਕਾਰੀ ਸੀ, ਪਰ ਗਰਜਵੇਂ ਭਾਰੇ ਸੁਰ ਵਿੱਚ ਮੁਲਾਇਮੀ ਤੇ ਮਿਠਾਸ ਸੀ। ਪਿੰਡ ਦੇ ਵਸਨੀਕਾਂ ਨੂੰ ਕੁਝ ਹੀ ਦਿਨਾਂ ਵਿੱਚ ਪਤਾ ਲੱਗ ਗਿਆ ਕਿ ਉਨ੍ਹਾਂ ਵਿਚ ਪਰਉਪਕਾਰ ਦੀ ਰੁਚੀ ਬੜੀ ਪ੍ਰਬਲ ਹੈ। ਸੰਤ ਜੀ ਕਈ ਵਾਰ ਤਾਂ ਫਸੀ ਹੋਈ ਗੱਡ ਤੋਂ ਭਾਰ ਨਾ ਉਤਾਰਨ ਦਿੰਦੇ ਕਿ ਬੌਲਦਾਂ ਨੂੰ ਚਿੱਕੜ ਵਿੱਚੋਂ ਗੱਡਾ ਧੂਹ ਕੱਢਣਾ ਸੌਖਾ ਹੋ ਜਾਂਦਾ। ਇਨ੍ਹਾਂ ਦੀਆਂ ਅੱਖਾਂ ਵਿੱਚ ਸ਼ਾਂਤੀ ਦਾ ਪ੍ਰਭਾਵ ਸੀ ਜਿਵੇਂ ਹਿਮਾਚਲ ਦੀਆਂ ਬਰਫ਼ਾਨੀ ਚੋਟੀਆਂ ਨੂੰ ਪਰਸ ਕੇ ਆਈ ਪੌਣ ਵਿੱਚ ਹੁੰਦਾ ਹੈ। ਛੇਤੀ ਹੀ ਪਿੰਡ ਵਾਲੇ ਉਨ੍ਹਾਂ ਲਈ ਲੋੜੀਂਦੀਆਂ ਵਸਤਾਂ ਹਾਜ਼ਰ ਕਰਨ ਲੱਗ ਪਏ ਅਤੇ ਸੰਤ ਜੀ ਵੀ ਲੋੜ ਤੋਂ ਵੱਧ ਆਈਆਂ ਵਸਤਾਂ ਨੂੰ ਲੋੜਵੰਦਾਂ ਵਿੱਚ ਵੰਡਣ ਲੱਗ ਪਏ। ਸੁਬਹ-ਸ਼ਾਮ ਨਾਮ-ਬਾਣੀ ਦਾ ਪ੍ਰਵਾਹ ਚਲਣ ਲੱਗਾ। ਜਦ ਲੋਕੀਂ ਕੰਮਾਂ ਕਾਰਾਂ ਵਿੱਚ ਲੱਗ ਜਾਂਦੇ ਤਾਂ ਸੰਤ ਜੀ ਧਿਆਨ ਮਗਨ ਹੋ ਜਾਂਦੇ, ਜਾਂ ਅਧਿਐਨ ਤੇ ਚਿੰਤਨ ਕਰਦੇ।

ਇਕ ਦਿਨ ਇਕ ਹੋਰ ਰਮਤਾ ਉਦਾਸੀ ਉੱਧਰ ਆ ਨਿਕਲਿਆ। ਸੰਤ ਜੀ ਨੂੰ ਦੇਖ ਕੇ ਡੰਡੌਤ-ਬੰਦਨਾ ਕੀਤੀ ਅਤੇ ਆਦਰ ਸਤਿਕਾਰ ਨਾਲ ਪੁੱਛਣ ਲੱਗ,? "ਪਰਮ ਸਤਿਕਾਰ ਯੋਗ ਮਹੰਤ ਜੀਓ ! ਆਪ ਕਲਗੀਆਂ ਵਾਲੇ ਕੋਲ ਹੀ ਰਹਿ ਗਏ ਸਾਓ। ਹੁਣ ਤਾਂ ਕਈ ਸਾਲਾਂ ਤੋਂ ਕਲਗੀਆਂ ਵਾਲੇ ਦਾ ਨਿਵਾਸ ਅਨੰਦ-ਪੁਰੀ ਵਿੱਚ ਹੋ ਗਿਆ ਹੈ। ਉਹ ਕਿਲ੍ਹੇ ਬਣਵਾ ਰਹੇ ਹਨ ਅਤੇ ਨਗਰੀ ਦੀ ਉਸਾਰੀ ਤੇ ਉਨਤੀ ਵੱਲ ਧਿਆਨ ਦੇ ਰਹੇ ਹਨ। ਆਪ ਉਨ੍ਹਾਂ ਤੋਂ ਕਦੋਂ ਵਿਛੜੇ ਸਾਓ ?"

"ਸੰਤ ਜੀ", ਮਹੰਤ ਜੀ ਨੇ ਕਿਹਾ, "ਇਹ ਕੀਟ ਸਤਿਗੁਰੂ ਨਾਲੋਂ ਕਦੀ ਨਹੀਂ ਵਿਛੜਿਆ। ਹੁਣ ਵੀ ਕਲਗੀਆਂ ਵਾਲੇ ਮੇਰੇ ਅੰਗ-ਸੰਗ ਹਨ। ਮੈਂ ਉਨ੍ਹਾਂ ਦੇ ਉਪਦੇਸ਼ ਜਨਤਾ ਵਿੱਚ ਫੈਲਾਉਣ ਦੀ ਆਗਿਆ ਮੰਗੀ ਅਤੇ ਉਨ੍ਹਾਂ ਪਰਸੰਨ ਹੋ ਕੇ ਇਹ ਆਗਿਆ ਦਿੱਤੀ। ਇਸ ਦਾਸ ਨੂੰ ਤਾਂ ਸਤਿਗੁਰਾਂ ਨੇ ਹੀ 'ਕਾਰੇ ਲਾਇਆ' ਹੈ।"

ਲਾਗੇ ਬੈਠਿਆਂ ਨੂੰ ਉਸ ਦਿਨ ਪਤਾ ਲਗਾ ਕਿ ਉਹ ਤਾਂ ਮਹੰਤ ਹਨ ਅਤੇ ਉਨ੍ਹਾਂ ਤਾਂ ਕਲਗੀਆਂ ਵਾਲੇ ਸਤਿਗੁਰੂ ਦੇ ਦਰਸ਼ਨ ਕੀਤੇ ਹੋਏ ਹਨ। ਸਾਰੇ ਬਾਹਰੇ ਵਿੱਚ ਗੱਲ ਦੇ ਫੈਲਣ ਵਿੱਚ ਦੇਰ ਨਾ ਲੱਗੀ। ਲੋਕਾਂ ਨੂੰ ਇਹ ਵੀ ਪਤਾ ਲੱਗ ਗਿਆ ਕਿ ਉਹ ਮਹੰਤ ਕਿਰਪਾਲ ਜੀ ਹਨ ਜਿਹੜੇ ਭੰਗਾਣੀ ਦੇ ਜੰਗ ਤੋਂ ਪਹਿਲੋਂ ਹੀ ਡਰ ਕੇ ਭੱਜ ਉੱਠਣ ਵਾਲੇ ਕੜਾਹ-ਖਾਣੇ ਉਦਾਸੀਆਂ ਦੇ ਨਾਲ ਨਹੀਂ ਸਨ ਤੁਰੇ, ਅਤੇ ਜਿਨ੍ਹਾਂ ਨੇ ਜੁੱਧ ਸਮੇਂ ਖ਼ਾਨ ਹਯਾਤ ਵਰਗੇ ਜੋਧੇ ਨੂੰ ਵੰਗਾਰ ਕੇ ਆਪਣੇ ਕੁਤਕੇ ਦੇ ਇਕੋ ਵਾਰ ਨਾਲ ਹੀ ਯਮ-ਧਾਮ ਪਹੁੰਚਾ ਦਿੱਤਾ ਸੀ।

ਇੱਕ ਵਾਰੀ ਸ਼ਾਮ ਦਾ ਸਤਸੰਗ ਲੱਗਾ ਹੋਇਆ ਸੀ ਜਦ ਇਕ ਸ਼ਰਧਾਲੂ ਨੇ ਮਹੰਤ ਜੀ ਅੱਗੇ ਬੇਨਤੀ ਕੀਤੀ ਕਿ ਉਹ ਸੰਗਤਾਂ ਨੂੰ ਭੰਗਾਣੀ ਦੇ ਜੁੱਧ ਦੇ ਅੱਖੀਂ-ਡਿੱਠੇ ਹਾਲ ਸੁਣਾਉਣ, ਤਾਂ ਜੁ ਸਿੱਖ-ਸੰਗਤਾਂ ਵਿੱਚ ਬੀਰ-ਰਸ ਦਾ ਸੰਚਾਰ ਹੋਵੇ ਅਤੇ ਗੁਰੂ ਜੀ ਦੀ, ਸੰਤ-ਸਿਪਾਹੀਆਂ ਦੀ ਸੈਨਾ ਵਿੱਚ ਸ਼ਾਮਲ ਹੋਣ ਵਾਲੇ ਸਿੱਖਾਂ ਨੂੰ ਉਤਸ਼ਾਹ ਮਿਲੇ। ਇਹ ਸੁਣ ਕੇ ਹੋਰ ਬੈਠੇ ਸਤਸੰਗੀਆਂ ਨੇ ਵੀ ਇਸ ਬੇਨਤੀ ਦੀ ਪ੍ਰੋੜ੍ਹਤਾ ਕੀਤੀ।

ਮਹੰਤ ਜੀ ਨੇ ਸਤਸੰਗੀਆਂ ਨੂੰ ਕਿਹਾ,"ਪਰਮ-ਪੁਰਖ ਦੇ ਘੱਲੇ ਆਏ ਕਲਗੀਧਰ ਜੀ ਦੇ ਵਚਿੱਤਰ ਜੀਵਨ ਨਾਟਕ ਦੀ ਇਹ ਜੁੱਧ, ਇਕ ਅਸਚਰਜ ਘਟਨਾ ਹੈ। ਆਪ ਸਾਰੇ ਪਿੰਡ ਵਿੱਚ ਤੇ ਲਾਗੇ-ਬੰਨੇ ਇਹ ਸਮਾਚਾਰ ਪਹੁੰਚਾ ਦਿਓ ਕਿ ਸਤਿਗੁਰਾਂ ਦਾ ਦਾਸਨ ਦਾਸ ਕਿਰਪਾਲ ਉਦਾਸੀ ਸਤਿਗੁਰਾਂ ਦੇ ਭੰਗਾਣੀ ਦੇ ਜੁੱਧ ਦੀ ਵਾਰਤਾ ਪਰਸੋਂ ਖਾਉ-ਪੀਏ ਤੋਂ ਮਗਰੋਂ ਆਪਣੀ ਤੁੱਛ ਬੁੱਧੀ ਅਨੁਸਾਰ ਸੁਣਾਏਗਾ ਤੇ ਜਿਹੜੇ ਸਤਿਗੁਰਾਂ ਦੇ ਪਿਆਰੇ ਇਸ ਵਾਰਤਾ ਨੂੰ ਸੁਣਨਾ ਚਾਹੁਣ, ਸਤਸੰਗ ਵਿੱਚ ਦਰਸ਼ਨ ਦੇਣ।"

ਸਤਸੰਗੀਆਂ ਇਹ ਬਚਨ ਸਿਰ ਮੱਥੇ ਮੰਨਿਆ। ਨੀਯਤ ਦਿਨ ਮਿੱਥੇ ਹੋਏ ਸਮੇਂ ਤੋਂ ਪਹਿਲਾਂ ਹੀ ਸੰਗਤਾਂ ਜੁੜਨੀਆਂ ਸ਼ੁਰੂ ਹੋ ਗਈਆਂ। ਪੁੰਨਿਆਂ ਦੀ ਰਾਤ ਸੀ। ਚਾਨਣੀ ਸੀਤਲਤਾ ਦੀ ਫੁਹਾਰ ਵਰ੍ਹ ਰਹੀ ਸੀ, ਜਿਸ ਨੂੰ ਸੁਹਲ-ਗਤੀ ਪੌਣ ਦੇ ਰੁਮਕੇ, ਬੋਹੜ ਥੱਲੇ ਜੁੜੀ ਸੰਗਤ ਦੀ ਸੇਵਾ ਲਈ ਖਿੰਡਾ ਰਹੇ ਸਨ। ਕੁਟੀਆ ਦੇ ਅੱਗੇ ਇਕ ਮਸਾਲ ਜਗ ਰਹੀ ਸੀ ਜੋ ਬੋਹੜ ਦੇ ਪਰਛਾਵਿਆਂ ਨੂੰ ਕੰਬਦੇ ਚਾਨਣੇ ਨਾਲ ਰੌਸ਼ਨ ਕਰ ਰਹੀ ਸੀ। ਸੰਗਤਾਂ ਦੇ ਮਨ ਟਿਕਾਅ ਵਿੱਚ ਸਨ। ਬੀਬੀਆਂ ਵੀ ਇੱਕ ਬੰਨੇ ਇਕ ਟੋਲੇ ਵਿੱਚ ਬੈਠੀਆਂ ਸਨ। ਮਹੰਤ ਕਿਰਪਾਲ ਜੀ ਦਾ ਧਿਆਨ



www.AKJ.Org

ਦੂਰ ਨੂੰ ਨੇੜੇ ਲਿਆਉਣ ਦੇ ਜਤਨ ਵਿੱਚ ਸੀ ਤੇ ਪਿਆਰ ਉਨ੍ਹਾਂ ਦੇ ਚਿਹਰੇ ਤੋਂ ਚੋ ਚੋ ਪੈ ਰਿਹਾ ਸੀ।

ਅੰਤ ਮਹੰਤ ਜੀ ਨੇ ਵਰਣਨ ਕਰਨਾ ਅਰੰਭ ਕੀਤਾ, "ਗੁਰ-ਸਵਾਰੇ ਸਤਸੰਗੀਓ ! ਦਾਸ ਨੇ ਜੋ ਸੁਣਿਆ ਸਮਝਿਆ ਤੇ ਅੱਖੀਂ ਡਿੱਠਾ ਹੈ, ਉਸ ਦੇ ਆਸਰੇ ਭੰਗਾਣੀ ਦੀ ਵਾਰਤਾ ਆਪ ਨੂੰ ਸੁਣਾਉਣ ਦਾ ਜਤਨ ਕਰਦਾ ਹਾਂ। ਦਸ਼ਮੇਸ਼ ਪਿਤਾ ਕਲਗੀਧਰ ਜੀ ਮਨੁੱਖਾਂ ਵਾਲੇ ਸਾਰੇ ਕਰਤਵ ਕਰਦੇ ਹੋਏ ਭੀ ਅੰਤਰ-ਆਤਮੇ ਉਸ ਅਕਾਲ ਪੁਰਖ ਵਾਹਿਗੁਰੂ ਨਾਲ ਸਦਾ ਜੁੜੇ ਹੋਏ ਹਨ ਜਿਸ ਦੇ ਇਕ ਜਲਵੇਂ ਨੂੰ ਅਸੀਂ ਤਰਸਦੇ ਰਹਿੰਦੇ ਹਾਂ। ਉਨ੍ਹਾਂ ਦੇ ਸਭ ਕੰਮ ਉਸੇ ਅਸਕੇਤ ਦੇ ਭਾਣੇ ਵਿੱਚ ਹੁੰਦੇ ਹਨ। ਸਤਿਗੁਰਾਂ ਨੇ ਜਗਤ ਵਿਚ ਸੁਖ-ਸ਼ਾਂਤੀ ਵਧਾਉਣ ਤੇ ਦੁੱਖ ਕਲੇਸ਼-ਕੱਟਣ ਲਈ ਅਵਤਾਰ ਧਾਰਿਆ ਹੈ। ਉਨ੍ਹਾਂ ਦੇ ਜੰਗ ਵੀ ਸ਼ਾਂਤੀ ਦੀ ਰੱਖਿਆ ਲਈ ਹਨ। ਬੇਇਨਸਾਫੀ ਸ਼ਾਂਤੀ ਭੰਗ ਕਰਦੀ ਹੈ। ਕੂੜ, ਕਪਟ ਤੇ ਕਰੂਰਤਾ ਅਨਿਆਂ ਦੇ ਸਹਾਇਕ ਹਨ। ਸਤਿਗੁਰੂ ਸਿੱਖ ਸੰਤ ਸਿਪਾਹੀਆਂ ਅਤੇ ਹੋਰ ਸਹਾਇਕ ਸ਼ਕਤੀਆਂ ਦਾ ਮੇਲ ਕਰਾ ਕੇ, ਅਨਿਆਂ ਨੂੰ ਦੂਰ ਕਰਨ ਲਈ ਤਿਆਰ-ਬਰ-ਤਿਆਰ ਕਰਨਾ ਲੋੜਦੇ ਹਨ।

ਇਹੋ ਕਾਰਨ ਸੀ ਕਿ ਨਾਹਨ-ਸਿਰਮੌਰਦੇ ਰਾਜੇ ਮੇਦਨੀ ਪ੍ਰਕਾਸ਼ ਤੇ ਸ੍ਰੀ ਨਗਰ-ਗੜਵਾਲ ਦੇ ਰਾਜੇ, ਫਤਿਹ ਸ਼ਾਹ ਦੀ, ਸਤਿਗੁਰਾਂ ਨੇ ਵਿੱਚ ਪੈ ਕੇ, ਸੁਲਹ ਕਰਾਈ। ਪਰ ਦੋਵੇਂ ਰਾਜੇ ਦਿਲ ਦੇ ਕਮਜ਼ੋਰ ਸਨ- ਫ਼ਤਿਹ ਸ਼ਾਹ ਵਧੇਰੇ ਕਮਜ਼ੋਰ। ਫ਼ਤਿਹ ਸ਼ਾਹ ਭੀਮ ਚੰਦ ਕਹਿਲੂਰੀਏ ਅਤੇ ਬਾਈ ਧਾਰ ਦੇ ਹੋਰ ਰਾਜਿਆਂ ਦਾ ਮੁਹਰੀ ਬਣ ਸਤਿਗੁਰਾਂ ਤੇ ਚੜ੍ਹ ਆਇਆ। ਇਸੇ ਫ਼ਤਿਹ ਚੰਦ ਦੀ ਲੜਕੀ ਦੇ ਵਿਵਾਹ ਸਮੇਂ ਸਤਿਗੁਰਾਂ ਸਵਾ ਲੱਖ ਦਾ ਤੰਬੋਲ ਭੇਜਿਆ ਸੀ, ਜੋ ਸਾਰੇ ਮੇਲੀ ਰਾਜਿਆਂ ਦੇ ਤੰਬੋਲ ਕੋਲੋਂ ਵਧ ਕੇ ਵਧੀਆ ਸੀ। ਪਰ ਫ਼ਤਿਹ ਸ਼ਾਹ ਨੇ ਪਿਆਰ ਤੇ ਮੇਲ ਦੇ ਹੱਥ ਦਾ ਮੁਲ ਨਾ ਪਾਇਆ ਅਤੇ ਆਪਣੇ ਕਪਟੀ ਕੁੜਮ ਭੀਮ ਚੰਦ ਦੇ ਕਹੇ ਤੇ ਤੰਬੋਲ ਨੂੰ ਸ੍ਵੀਕਾਰ ਕਰਨ ਦੀ ਥਾਂ ਉਸ ਤੰਬੋਲ ਨੂੰ ਲੁਟ ਕੇ ਲੈਣਾ ਚਾਹਿਆ। ਦੀਵਾਨ ਨੰਦ ਚੰਦ ਜੀ ਤੇ ਪ੍ਰੋਹਤ ਦਇਆ ਰਾਮ ਨਾਲ ਗਏ ਪੰਜ ਸੌ ਸੰਤ-ਸਿਪਾਹੀਆਂ ਦਾ ਜੱਥਾ, ਪਹਾੜੀ ਰਾਜਿਆਂ ਦੀਆਂ ਸੰਮਿਲਤ ਫ਼ੌਜਾਂ ਦੇ ਤੰਗ ਪਹਾੜੀ ਦੱਰੇ ਨੂੰ ਘੇਰ ਲੈਣ ਦੇ ਅਤਿਰਿਕਤ ਵੀ ਲੜਦਾ ਮਾਰਦਾ ਬਿਨਾਂ ਕਿਸੇ ਹਾਨੀ ਦੇ ਪਾਉਂਟੇ ਨਗਰ ਪਹੁੰਚ ਗਿਆ। (ਚਲਦਾ..........)

ਪੰਨਾ ੨੫ ਦਾ ਬਾਕੀ

ਵਡਮੁੱਲੀ ਅਵਸਥਾ ਦੀ ਪ੍ਰਾਪਤੀ ਕੀਰਤਨ ਤੋਂ ਹਾਸਲ ਹੁੰਦੀ ਹੈ :

ਸੂਖ ਸਹਜ ਆਨਦੁ ਘਣਾ ਹਰਿ ਕੀਰਤਨ ਗਾਉ।।

(ਆਸਾ ਮ: ੫, ਪੰਨਾ ੪੦੦-੧)

ਗੁਰਬਾਣੀ ਕੀਰਤਨ ਵਿਚ ਜੁੜਿਆ ਸਿੱਖ, ਹੰਸ ਦੀ ਨਿਆਈਂ ਹੁੰਦਾ ਹੈ, ਜੋ ਗੁਣਾਂ ਤੇ ਵਡਿਆਈਆਂ ਰੂਪੀ ਰਤਨ, ਪਦਾਰਥ ਤੇ ਮੋਤੀ ਚੁਗਦਾ ਹੈ, ਗੁਰਬਾਣੀ ਰੂਪੀ ਸਤਿਗੁਰੂ ਸਰੋਵਰ ਦੀ ਨਿਆਈਂ ਹੈ :

ਸਤਿਗੁਰੂ ਸਰਵਰੁ ਰਤਨੀ ਭਰਪੂਰੇ,
ਜਿਸੁ ਪ੍ਰਾਪਤਿ ਸੋ ਪਾਵੈ।।
ਸਿਖ ਹੰਸ ਸਰਵਰਿ ਇਕਠੇ ਹੋਇ,
ਸਤਿਗੁਰ ਕੈ ਹੁਕਮਾਵੈ।।
ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ,
ਖਾਇ ਖਰਚਿ ਰਹੇ ਤੋਟਿ ਨ ਆਵੈ।।੧।।੭।।

(ਸਲੋਕ ਮ: ੫, ਵਾਰ ਰਾਮਕਲੀ, ੯੬੦)

ਕੀਰਤਨ ਦੀ ਪ੍ਰਧਾਨਤਾ, ਨਿਰਮੋਲਕਤਾ, ਉੱਚਤਾ ਅਤੇ ਸ੍ਰੇਸ਼ਟਤਾ ਨੂੰ ਜਾਣ ਲੈਣ ਤੋਂ ਬਾਅਦ ਆਪਣੀ ਸਾਧਨਾ ਵਲ ਧਿਆਨ ਦੇਣ ਨਾਲ ਹੀ ਕੀਰਤਨ ਦਾ ਸੱਚਾ ਲਾਹਾ ਲਿਆ ਜਾ ਸਕਦੈ। ਗੱਲ ਕੇਵਲ ਮਨੋਰਥ ਬਦਲ ਲੈਣ ਨਾਲ ਹੀ ਬਣ ਸਕਦੀ ਹੈ। ਮੰਤਵ ਬਦਲਣ ਨਾਲ ਪਹੁੰਚ ਵੀ ਬਦਲ ਜਾਵੇਗੀ, ਗਾਵਿਆ ਥਾਇ ਪੈ ਜਾਵੇਗਾ। ਗੁਰੂ ਅਮਰਦਾਸ ਜੀ ਇਸ ਸੰਬੰਧ ਵਿਚ ਸਮਝਾਉਂਦੇ ਹਨ:

ਇਕ ਗਾਵਤ ਰਹੇ ਮਨਿ ਸਾਦੁ ਨ ਪਾਇ।।
ਹਉਮੈ ਵਿਚਿ ਗਾਵਹਿ ਬਿਰਥਾ ਜਾਇ।।
ਗਾਵਣਿ ਗਾਵਹਿ ਜਿਨ ਨਾਮ ਪਿਆਰੁ।।
ਸਾਚੀ ਬਾਣੀ ਸਬਦ ਬੀਚਾਰੁ।।੧।।
ਗਾਵਤ ਰਹੈ ਜੇ ਸਤਿਗੁਰ ਭਾਵੈ।।
ਮਨੁ ਤਨੁ ਰਾਤਾ ਨਾਮਿ ਸੁਹਾਵੈ।।੧।।ਰਹਾਉ।।੨੪।।

(ਗਉੜੀ ਗੁ: ਮ: ੩ ਪੰਨਾ ੧੫੮-੫੯)

ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਹੈ ਕਿ ਸਾਰਾ ਬ੍ਰਹਿਮੰਡ ਇਕ ਲੈਅ ਵਿਚ ਗਾ ਰਿਹਾ ਹੈ। ਅਨਹਦ ਸ਼ਬਦ ਦੀ ਧਾਰਨਾ ਇਸੇ ਉੱਤੇ ਅਧਾਰਤ ਹੈ। ਮਨੁੱਖ ਦੇ ਅੰਦਰ ਵੀ ਇਕ ਲੈਅ ਹੈ। ਮਨੁੱਖ ਦੀ ਬੌਧਿਕਤਾ, ਦੁਬਿਧਾ ਅਤੇ ਟੁੱਟੀ ਭੱਜੀ ਮਾਨਸਿਕਤਾ ਉਸ ਦੀ ਸੁਰ ਲੈਅ ਨੂੰ ਤੋੜਦੀ ਹੈ। ਮਨੁੱਖਾ ਦੀਆਂ ਸਮੱਸਿਆਵਾਂ ਦੇ ਹੱਲ ਲਈ ਉਹਨਾਂ ਨੂੰ ਆਤਮਕ ਸ਼ਕਤੀ ਦੇਣ ਦੀ ਲੋੜ ਹੈ। ਨੀਵੀਆਂ ਰੁਚੀਆਂ ਅਤੇ ਹੌਲੇ ਮੰਤਵਾਂ ਦੀ ਥਾਂ ਤੇ ਉਚਾਣਾਂ ਦੇ ਨਿਸ਼ਾਨੇ ਮਿੱਥਣ ਲਈ ਰੂਹਾਨੀਅਤ ਦਾ ਸੰਚਾਰ ਕਰਨਾ ਹੋਵੇਗਾ। ਸਿਖ ਸਮਾਜ ਵਿਚ ਸਭ ਤਰ੍ਹਾਂ ਦੀ ਚੜ੍ਹਦੀ ਕਲਾ ਲਿਆਉਣ ਲਈ *'ਕੀਰਤਨ ਕ੍ਰਾਂਤੀ'* ਇਕ ਵਧੀਆ ਮਾਧਿਅਮ ਹੈ। ਹੱਲ ਜੁੱਟ ਜਾਣ ਵਿਚ ਹੈ।



www.AKJ.Org

# ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲਿਓ !

(ੳ) ਕੀ ਤੁਸੀਂ ਉਸ ਕਲਗੀਆਂ ਵਾਲੇ ਗੁਰੂ ਦੇ ਸਿੱਖ ਹੋ ਜਿਸ ਨੇ ਤੁਹਾਡੀ ਹੋਂਦ ਨੂੰ ਕਾਇਮ ਰਖਣ ਵਾਸਤੇ ਅਤੇ ਤੁਹਾਨੂੰ ਵਧਦਾ ਫੁਲਦਾ ਦੇਖਣ ਵਾਸਤੇ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ ?

(ਅ) ਕੀ ਤੁਸੀਂ ਉਹਨਾਂ ਸ਼ਹੀਦਾਂ ਦੀ ਔਲਾਦ ਹੋ ਜਿਨ੍ਹਾਂ ਨੇ ਸਿੱਖੀ ਦੀ ਖ਼ਾਤਰ ਆਰਿਆਂ ਨਾਲ ਤਨ ਚਿਰਵਾਏ, ਖੋਪਰੀਆਂ ਲੁਹਾਈਆਂ, ਬੰਦ ਬੰਦ ਕਟਵਾਏ, ਚਰਖੜੀਆਂ ਦੇ ਚੜ੍ਹੇ, ਦੇਗਾਂ ਵਿੱਚ ਉਬਾਲੇ ਖਾਧੇ, ਨੇਜ਼ਿਆਂ ਤੇ ਸਿਰ ਟੰਗਵਾਏ। ਜ਼ੁਲਮ ਦਾ ਟਾਕਰਾ ਕਰਦੇ ਹੋਏ ਅਸਹਿ ਤੇ ਅਕਹਿ ਕਸ਼ਟ ਸਹਾਰੇ, ਧਰਮ ਨਹੀਂ ਹਾਰਿਆਂ, ਸਾਬਤ ਸੂਰਤ ਰਹੇ, ਸਿੱਖੀ ਨੂੰ ਦਾਗ ਨਾ ਲਗਣ ਦਿੱਤਾ ?

(ੲ) ਕੀ ਤੁਸੀਂ ਉਹਨਾਂ ਸੂਰਬੀਰਾਂ ਮਾਤਾਵਾਂ ਦੀ ਔਲਾਦ ਹੋ ਜਿਨ੍ਹਾਂ ਆਪਣੇ ਮਾਸੂਮ ਬੱਚਿਆਂ ਦੇ ਟੋਟੇ ਟੋਟੇ ਕਰਵਾਏ, ਝੋਲੀਆਂ ਵਿਚ ਪੁਆਏ, ਬੱਚਿਆਂ ਦੀਆਂ ਆਂਦਰਾਂ ਦੇ ਗਲਾਂ ਵਿਚ ਹਾਰ ਪੁਆਏ, ਜਰਵਾਣਿਆਂ ਦੀਆਂ ਕੈਦ-ਕੋਠੀਆਂ ਵਿਚ ਸਵਾ ਸਵਾ ਮਣ ਪੀਸਣ ਪੀਸੇ, ਜੰਗਾਂ ਜੁੱਧਾਂ ਵਿਚ ਆਪਣੇ ਵੀਰਾਂ ਦੇ ਮੋਢੇ ਨਾਲ ਮੋਢਾ ਲਾ ਕੇ ਜੂਝਦੀਆਂ ਰਹੀਆਂ, ਆਪਣੇ ਪਤੀਬ੍ਰਤਾ ਅਤੇ ਸਿੱਖੀ ਧਰਮ ਨੂੰ ਕੇਸਾਂ ਸੁਆਸਾਂ ਸੰਗ ਨਿਭਾਇਆ ?

(ਸ) ਕੀ ਤੁਸੀਂ ਸਾਹਿਬ ਫਤਹ ਸਿੰਘ ਤੇ ਸਾਹਿਬ ਜ਼ੋਰਾਵਰ ਸਿੰਘ ਜਿਹੇ ਅਦੁਤੀ ਭੁਝੰਗੀਆਂ ਦੇ ਵੀਰ ਭਰਾ ਹੋ, ਜਿਹੜੇ ਆਖਰੀ ਦਮ ਤੱਕ ਨਿਰਭੈ ਰਹੇ, ਧਰਮ ਤੋਂ ਨਾ ਡੋਲੇ, ਕੇਸ ਕਤਲ ਕਰਵਾ ਕੇ ਅਧਰਮੀ ਨਾ ਬਣੇ, ਆਪਣੇ ਸਿੱਖੀ ਬਾਣੇ ਨੂੰ ਲਾਜ ਨਾ ਲਾਈ, ਜੀਊਂਦੇ-ਜੀ ਨੀਹਾਂ ਵਿੱਚ ਚਿਣੇ ਜਾਣਾ ਮਨਜ਼ੂਰ ਕਰ ਲਿਆ ?

ਜੇ ਤੁਸੀਂ ਉਹਨਾਂ ਸੂਰਮਿਆਂ ਤੇ ਯੋਧਿਆਂ ਦੀ ਸੰਤਾਨ ਹੋ ਜਿਨ੍ਹਾਂ ਤੋਂ ਕਿਸੇ ਵੇਲੇ ਹਕੂਮਤਾਂ ਥਰ ਥਰ ਕੰਬਦੀਆਂ ਸਨ, ਜਿਨ੍ਹਾਂ ਦੀ ਕਿਰਪਾਨ ਗਰੀਬਾਂ ਅਤੇ ਮਜ਼ਲੂਮਾਂ ਲਈ ਢਾਲ ਅਤੇ ਜਰਵਾਣਿਆਂ ਤੇ ਜ਼ਾਲਮਾਂ ਲਈ ਤੇਜ਼ ਕਟਾਰ (ਤਲਵਾਰ ਸੀ) ?

ਜੇ ਤੁਸੀਂ ਆਪਣੇ ਆਪ ਨੂੰ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਸਿਖ ਅਖਵਾਉਂਦੇ ਹੋ ਤਾਂ ਆਪਣੇ ਗੁਰੂ ਦੇ ਨਾਮ ਨੂੰ ਵੱਟਾ ਕਿਉਂ ਲਗਾ ਰਹੇ ਹੋ ? ਕੇਸਾਂ ਦੀ ਬੇਅਦਬੀ ਕਿਉਂ ਕਰ ਰਹੇ ਹੋ? ਆਪਣੀ ਸਾਬਤ ਸੂਰਤ ਨੂੰ ਕਿਉਂ ਭੰਨ ਰਹੇ ਹੋ ? ਕੁਰਹਿਤਾਂ ਵਿੱਚ ਕਿਉਂ ਫਸ ਰਹੇ ? ਸਿੱਖੀ ਤੋਂ ਬੇਮੁੱਖ ਕਿਉਂ ਹੋ ਰਹੇ ਹੋ ? ਪਤਿਤ ਕਿਉਂ ਹੋ ਰਹੇ ਹੋ ? ਸਿੱਖੀ ਰਹੁਰੀਤ ਕਿਉਂ ਭੁਲਦੇ ਹੋ ? ਨਾਮ ਬਾਣੀ ਦੇ ਅੰਮ੍ਰਿਤ ਰਸ ਨੂੰ ਛੱਡ ਕੇ ਬਿਖੇ-ਰਸ ਦੇ ਅਮਲੀ ਕਿਉਂ ਬਣ ਰਹੇ ਹੋ ? ਵਿਸ਼ੇ ਵਿਕਾਰਾਂ ਵਿਚ ਕਿਉਂ ਫਸ ਰਹੇ ਹੋ ? ਗੁਰਮੁਖਤਾਈ ਛੱਡ ਕੇ ਮਨਮੁਖ ਕਿਉਂ ਬਣ ਰਹੇ ਹੋ ? ਨਿਗੂਣੇ ਲਾਲਚਾਂ ਵਿਚ ਫਸ ਕੇ ਆਪਣੀ ਪੱਗ ਨੂੰ ਕਿਉਂ ਦਾਗ ਲਾ ਰਹੇ ਹੋ ? ਅਨਮਤੀਆਂ ਵਿੱਚ ਕਿਉਂ ਰਲਦੇ ਜਾ ਰਹੇ ਹੋ ? ਆਪਣੀ ਵਿਲੱਖਣਤਾ ਕਿਉਂ ਗੁਆ ਰਹੇ ਹੋ ? ਆਪਣੇ ਅਸਲੇ ਨੂੰ ਕਿਉਂ ਨਹੀਂ ਪਹਿਚਾਣਦੇ ? ਸ਼ੇਰਾਂ ਦੇ ਬੱਚੇ ਭੇਡਾਂ ਨਾਲ ਰਲ ਕੇ ਆਪਣੀ ਸ਼ੇਰਾਂ ਵਾਲੀ ਭਬਕ ਭੁੱਲ ਕੇ "ਮੈਂ-ਮੈਂ" ਕਿਉਂ ਕਰਨ ਲੱਗ ਪਏ ਨੇ?

## ਗੁਰ-ਸਿਖ ਜੋਗੀ

ਗੁਰਸਿਖ ਜੋਗੀ ਜਾਗਦੇ
ਮਾਇਆ ਅੰਦਰਿ ਕਰਨਿ ਉਦਾਸੀ।
ਕੰਨੀ ਮੁਦਰਾ ਮੰਤ੍ਰ ਗੁਰ,
ਸੰਤਾ ਧੂੜਿ ਬਿਭੂਤ ਸੁ ਲਾਸੀ।
ਖਿੰਥਾ ਖਿਮਾ ਹੰਢਾਵਣੀ,
ਪ੍ਰੇਮ ਪਤ੍ਰ ਭਾਉ ਭੁਗਤਿ ਬਿਲਾਸੀ।
ਸਬਦ ਸੁਰਤਿ ਸਿੰਙੀ ਵਜੇ,
ਡੰਡਾ ਗਿਆਨੁ ਧਿਆਨੁ ਗੁਰਦਾਸੀ।
ਸਾਧ ਸੰਗਤਿ ਗੁਰ ਗੁਫੈ ਬਹਿ,
ਸਹਜਿ ਸਮਾਧਿ ਅਗਾਧਿ ਨਿਵਾਸੀ।
ਹਉਮੈ ਰੋਗ ਅਰੋਗ ਹੋਇ,
ਕਰਿ ਸੰਜੋਗੁ ਵਿਜੋਗ ਖਲਾਸੀ।
ਸਾਧ ਸੰਗਤਿ ਗੁਰਮਤਿ ਸਾਬਾਸੀ।। ੧੫।।
(ਭਾਈ ਗੁਰਦਾਸ ਜੀ, ਵਾਰ ੨੯/੧੫)

## ਦਸਮੇਸ਼ ਪਿਤਾ ਤੇਨੂੰ ਖਾਲਸਾ ਹੈ ਸਾਜਿਆ

(ਬੀਬੀ ਨਰਿੰਦਰ ਕੌਰ, ਗੁਰਦਾਸਪੁਰ)

ਦਸਮੇਸ਼ ਪਿਤਾ ਤੇਨੂੰ, ਖਾਲਸਾ ਹੈ ਸਾਜਿਆ।
ਪੜ੍ਹ ਇਤਿਹਾਸ ਤੇਨੂੰ, ਕਿਤਨਾ ਹੈ ਨਿਵਾਜਿਆ।
ਗਿੱਦੜਾਂ ਤੋਂ ਸ਼ੇਰ ਹੈ ਬਣਾਇਆ ਤੇਨੂੰ ਖਾਲਸਾ।
ਜ਼ੁਲਮ ਦੇ ਵਿਰੁੱਧ ਹੈ ਲੜਾਇਆ ਤੇਨੂੰ ਖਾਲਸਾ।
ਅੰਮ੍ਰਿਤ ਛਕਾ ਕੇ ਜਾਤ ਪਾਤ ਨੂੰ ਮਿਟਾਇਆ ਸੀ।
ਸੁੱਤੀ ਹੋਈ ਕੌਮ ਨੂੰ, ਗੁਰੂ ਜੀ ਜਗਾਇਆ ਸੀ।
ਸਾਰੀ ਹੀ ਮਨੁੱਖਤਾ ਨੂੰ, ਸੀਨੇ ਨਾਲ ਲਾਇਆ ਸੀ।
ਜ਼ੁਲਮ ਦੀ ਹਨੇਰੀ ਨੂੰ, ਜੜ੍ਹਾਂ ਤੋਂ ਸੁਕਾਇਆ ਸੀ।
ਧਰਮ ਦੀ ਖਾਤਰ ਵਾਰ, ਸਭ ਪਰਿਵਾਰ ਦਿੱਤਾ।
ਹੀਰੇ ਜੇਸੇ ਬਾਲਾਂ ਨੂੰ, ਨੀਹਾਂ 'ਚ ਚਣਾ ਦਿੱਤਾ।
ਗੁਲਾਮ ਤੋਂ ਸਰਦਾਰ ਬਣਾਇਆ, ਤੇਨੂੰ ਖਾਲਸਾ।
ਸਿੱਖੀ ਦਾ ਪਹਿਰੇਦਾਰ, ਬਣਾਇਆ ਤੇਨੂੰ ਖਾਲਸਾ।
ਦਸਮੇਸ਼ ਪਿਤਾ ਤੇਨੂੰ ਖਾਲਸਾ ਹੈ ਸਾਜਿਆ।
ਪੜ੍ਹ ਇਤਿਹਾਸ ਤੇਨੂੰ, ਕਿਤਨਾ ਹੈ ਨਿਵਾਜਿਆ।



www.AKJ.Org

**ਸੰਮਤ ਖ਼ਾਲਸਾ298-(1997 ਈਸਵੀ) ੫੨੮-੨੯ (ਨਾਨਕ ਸ਼ਾਹੀ) ੨੦੫੩-੫੪ (ਬਿਕ੍ਰਮੀ) ਦਾ ਕੇਲੰਡਰ**

# ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਮਾਰਚ, 25- ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ
ਅਪ੍ਰੈਲ, 5- ਗੁਰਿਆਈ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ
ਅਪ੍ਰੈਲ, 8- ਗੁਰਆਈ ਸ੍ਰੀ ਗੁਰੂ ਅਮਰਦਾਸ ਜੀ
ਅਪ੍ਰੈਲ, 11- ਜੋਤੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ
ਅਪ੍ਰੈਲ, 12- ਜੋਤੀ ਜੋਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ
ਅਪ੍ਰੈਲ, 13- ਖਾਲਸੇ ਦਾ ਸਾਜਨਾ ਦਿਵਸ 'ਵਿਸਾਖੀ'
ਅਪ੍ਰੈਲ, 20- ਜੋਤੀ ਜੋਤ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ
ਅਪ੍ਰੈਲ, 20- ਗੁਰਿਆਈ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ
ਅਪ੍ਰੈਲ, 27- ਪ੍ਰਕਾਸ਼ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ
ਅਪ੍ਰੈਲ, 29- ਸ੍ਰੀ ਗੁਰੂ ਅਰਜਨ ਦੇਵ ਜੀ
ਮਈ, 4- ਜਨਮ ਸਾਹਿਬਜ਼ਾਦਾ ਅਜੀਤ ਸਿੰਘ ਜੀ
ਮਈ, 7- ਪ੍ਰਕਾਸ਼ ਗੁਰੂ ਅੰਗਦ ਦੇਵ ਜੀ
ਮਈ, 21- ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ
ਮਈ, 29- ਗੁਰਿਆਈ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ
ਜੂਨ, 9- ਸ਼ਹੀਦੀ ਗੁਰੂ ਅਰਜੁਨ ਦੇਵ ਜੀ
ਜੂਨ, 14- ਜਨਮ ਸਾਹਿਬਜ਼ਾਦਾ ਫਤਹਿ ਸਿੰਘ ਜੀ
ਜੂਨ, 21- ਪ੍ਰਕਾਸ਼ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ
ਜੂਨ, 20- ਜਨਮ ਭਗਤ ਕਬੀਰ ਜੀ
ਜੁਲਾਈ, 15- ਸ਼ਸ਼ਤਰ ਧਾਰਨ ਦਿਵਸ ਪਾਤਸ਼ਾਹੀ 6
ਜੁਲਾਈ, 28- ਪ੍ਰਕਾਸ਼ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ
ਜੁਲਾਈ, 27- ਜਨਮ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ
ਅਗਸਤ, 18- ਜੋੜ ਮੇਲਾ ਬਾਬਾ ਬਕਾਲਾ (ਅੰਮ੍ਰਿਤਸਰ)
ਅਗਸਤ, 26- ਜ. ਦਿ. ਭਾਈ ਦਇਆ ਸਿੰਘ ਜੀ (ਪਿਆਰਾ)
ਸਤੰਬਰ, 2- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼
ਸਤੰਬਰ, 4- ਗੁਰਿਆਈ ਸ੍ਰੀ ਗੁਰੂ ਅਰਜੁਨ ਦੇਵ ਜੀ
ਸਤੰਬਰ, 5- ਜੋਤੀ ਜੋਤ ਸ੍ਰੀ ਗੁਰੂ ਰਾਮਦਾਸ ਜੀ
ਸਤੰਬਰ, 15- ਗੁਰਿਆਈ ਸ੍ਰੀਂ ਗੁਰੂ ਰਾਮਦਾਸ ਜੀ
ਸਤੰਬਰ, 16- ਜੋਤੀ ਜੋਤ ਗੁਰੂ ਅਮਰਦਾਸ ਜੀ
ਸਤੰਬਰ, 21- ਗੁਰਿਆਈ ਸ੍ਰੀ ਗੁਰੂ ਅੰਗਦ ਦੇਵ ਜੀ
ਸਤੰਬਰ, 26- ਜੋਤੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ
ਸਤੰਬਰ, 29- ਜਨਮ ਸਾਹਿਬਜਾਦਾ ਜੁਝਾਰ ਸਿੰਘ ਜੀ
ਅਕਤੂਬਰ, 17- ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ
ਅਕਤੂਬਰ, 24- ਜੋਤੀ ਜੋਤ ਸ੍ਰੀ ਗੁਰੂ ਹਰਿ ਰਾਏ ਜੀ
ਅਕਤੂਬਰ, 24- ਗੁਰਿਆਈ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ
ਅਕਤੂਬਰ, 30- ਜੋੜ ਮੇਲਾ ਦਰਬਾਰ ਸਾਹਿਬ (ਅੰਮ੍ਰਿਤਸਰ)
ਨਵੰਬਰ, 2- ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਨਵੰਬਰ, 5- ਜੋਤੀ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਨਵੰਬਰ, 14- ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ
ਨਵੰਬਰ, 11- ਜਨਮ ਭਗਤ ਨਾਮਦੇਵ ਜੀ
ਦਸੰਬਰ, 2- ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦਸੰਬਰ, 4- ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦੁਰ ਜੀ
ਦਸੰਬਰ, 22- ਸ਼ਹੀਦੀ ਜੋੜ ਮੇਲਾ ਚਮਕੌਰ ਸਾਹਿਬ ਜੀ
ਦਸੰਬਰ, 26 ਤੋਂ 28- ਜੋੜ ਮੇਲਾ ਸਰਹੰਦ (ਫਤਹਿਗੜ੍ਹ ਸਾਹਿਬ) ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ।

**********


'ਸੂਰਾ' ਮਾਸਿਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ ਫਾਰਮ ੪ (ਰੂਲ ੮)

੧. ਪ੍ਰਕਾਸ਼ਨ ਅਸਥਾਨ ............................ਲੁਧਿਆਣਾ
੨. ਪ੍ਰਕਾਸ਼ਨ ਸਮਾਂ ..........................................ਮਾਸਕ ਪੱਤਰ।
੩. ੪.,੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ .........ਹਰਬੰਸ ਸਿੰਘ, ਭਾਰਤੀ।
੬. ਮਾਲਕ.................................... ਅਖੰਡ ਕੀਰਤਨੀ ਜੱਥਾ।

ਜੱਥੇਦਾਰ ਭਾਈ ਰਾਮ ਸਿੰਘ ਜੀ, ੧੦੨, ਰਾਣੀ ਕਾ ਬਾਗ, ਅਮ੍ਰਿਤਸਰ।

ਮੈਂ ਹਰਬੰਸ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।

ਤਾਰੀਖ 1-3-97

ਦਸਖ਼ਤ
ਹਰਬੰਸ ਸਿੰਘ





www.AKJ.Org

## ਫਗਣ ਮਾਰਚ 97 ਚੇਤ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 30 ੧੭ | 31 ੧੮ | | | | | 1 ੧੮ |
| 2 ੧੯ | 3 ੨੦ | 4 ੨੧ | 5 ੨੨ | 6 ੨੩ | 7 ੨੪ | 8 ੨੫ |
| 9 ੨੬ | 10 ੨੭ | 11 ੨੮ | 12 ੨੯ | 13 ੩੦ | 14 ਚੇਤ ੧ | 15 ੨ |
| 16 ੩ | 17 ੪ | 18 ੫ | 19 ੬ | 20 ੭ | 21 ੮ | 22 ੯ |
| 23 ੧੦ | 24 ੧੧ | 25 ੧੨ | 26 ੧੩ | 27 ੧੪ | 28 ੧੫ | 29 ੧੬ |

## ਚੇਤ ਅਪ੍ਰੈਲ 97 ਵੈਸਾਖ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | 1 ਚੇਤ ੧੯ | 2 ੨੦ | 3 ੨੧ | 4 ੨੨ | 5 ੨੩ |
| 6 ੨੪ | 7 ੨੫ | 8 ੨੬ | 9 ੨੭ | 10 ੨੮ | 11 ੨੯ | 12 ੩੦ |
| 13 ਵੈਸਾਖ ੧ | 14 ੨ | 15 ੩ | 16 ੪ | 17 ੫ | 18 ੬ | 19 ੭ |
| 20 ੮ | 21 ੯ | 22 ੧੦ | 23 ੧੧ | 24 ੧੨ | 25 ੧੩ | 26 ੧੪ |
| 27 ੧੫ | 28 ੧੬ | 29 ੧੭ | 30 ੧੮ | | | |



www.AKJ.Org

## ਵੈਸਾਖ ਮਈ 97 ਜੇਠ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | 1 ਵੈਸਾਖ ੧੯ | 2 ੨੦ | 3 ੨੧ |
| 4 ੨੨ | 5 ੨੩ | 6 ੨੪ | 7 ੨੫ | 8 ੨੬ | 9 ੨੭ | 10 ੨੮ |
| 11 ੨੯ | 12 ੩੦ | 13 ੩੧ | 14 ਜੇਠ ੧ | 15 ੨ | 16 ੩ | 17 ੪ |
| 18 ੫ | 19 ੬ | 20 ੭ | 21 ੮ | 22 ੯ | 23 ੧੦ | 24 ੧੧ |
| 25 ੧੨ | 26 ੧੩ | 27 ੧੪ | 28 ੧੫ | 29 ੧੬ | 30 ੧੭ | 31 ੧੮ |

## ਜੇਠ ਜੂਨ 97 ਹਾੜ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 1 ਜੇਠ ੧੯ | 2 ੨੦ | 3 ੨੧ | 4 ੨੨ | 5 ੨੩ | 6 ੨੪ | 7 ੨੫ |
| 8 ੨੬ | 9 ੨੭ | 10 ੨੮ | 11 ੨੯ | 12 ੩੦ | 13 ੩੧ | 14 ਹਾੜ ੧ |
| 15 ੨ | 16 ੩ | 17 ੪ | 18 ੫ | 19 ੬ | 20 ੭ | 21 ੮ |
| 22 ੯ | 23 ੧੦ | 24 ੧੧ | 25 ੧੨ | 26 ੧੩ | 27 ੧੪ | 28 ੧੫ |
| 29 ੧੬ | 30 ੧੭ | | | | | |



www.AKJ.Org

## ਹਾੜ — ਜੁਲਾਈ 97 — ਸਾਵਣ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | 1 ਹਾੜ੧੮ | 2 ੧੯ | 3 ੨੦ | 4 ੨੧ | 5 ੨੨ |
| 6 ੨੩ | 7 ੨੪ | 8 ੨੫ | 9 ੨੬ | 10 ੨੭ | 11 ੨੮ | 12 ੨੯ |
| 13 ੩੦ | 14 ੩੧ | 15 ੩੨ | 16 ਸਾਵਣ ੧ | 17 ੨ | 18 ੩ | 19 ੪ |
| 20 ੫ | 21 ੬ | 22 ੭ | 23 ੮ | 24 ੯ | 25 ੧੦ | 26 ੧੧ |
| 27 ੧੨ | 28 ੧੩ | 29 ੧੪ | 30 ੧੫ | 31 ੧੬ | | |

## ਸਾਵਣ — ਅਗਸਤ 97 — ਭਾਦੋਂ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 31 ੧੬ | | | | | 1 ਸਾਵਣ ੧੭ | 2 ੧੮ |
| 3 ੧੯ | 4 ੨੦ | 5 ੨੧ | 6 ੨੨ | 7 ੨੩ | 8 ੨੪ | 9 ੨੫ |
| 10 ੨੬ | 11 ੨੭ | 12 ੨੮ | 13 ੨੯ | 14 ੩੦ | 15 ੩੧ | 16 ਭਾਦੋਂ ੧ |
| 17 ੨ | 18 ੩ | 19 ੪ | 20 ੫ | 21 ੬ | 22 ੭ | 23 ੮ |
| 24 ੯ | 25 ੧੦ | 26 ੧੧ | 27 ੧੨ | 28 ੧੩ | 29 ੧੪ | 30 ੧੫ |



www.AKJ.Org

## ਭਾਦੋਂ ਸਤੰਬਰ 97 ਅੱਸੂ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | 1 ੧੭ | 2 ੧੮ | 3 ੧੯ | 4 ੨੦ | 5 ੨੧ | 6 ੨੨ |
| 7 ੨੩ | 8 ੨੪ | 9 ੨੫ | 10 ੨੬ | 11 ੨੭ | 12 ੨੮ | 13 ੨੯ |
| 14 ੩੦ | 15 ੩੧ | 16 ਅੱਸੂ ੧ | 17 ੨ | 18 ੩ | 19 ੪ | 20 ੫ |
| 21 ੬ | 22 ੭ | 23 ੮ | 24 ੯ | 25 ੧੦ | 26 ੧੧ | 27 ੧੨ |
| 28 ੧੩ | 29 ੧੪ | 30 ੧੫ | | | | |

## ਅੱਸੂ ਅਕਤੂਬਰ 97 ਕਤਕ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | 1 ਅੱਸੂ ੧੬ | 2 ੧੭ | 3 ੧੮ | 4 ੧੯ |
| 5 ੨੦ | 6 ੨੧ | 7 ੨੨ | 8 ੨੩ | 9 ੨੪ | 10 ੨੫ | 11 ੨੬ |
| 12 ੨੭ | 13 ੨੮ | 14 ੨੯ | 15 ੩੦ | 16 ੩੧ | 17 ਕਤਕ ੧ | 18 ੨ |
| 19 ੩ | 20 ੪ | 21 ੫ | 22 ੬ | 23 ੭ | 24 ੮ | 25 ੯ |
| 26 ੧੦ | 27 ੧੧ | 28 ੧੨ | 29 ੧੩ | 30 ੧੪ | 31 ੧੫ | |



www.AKJ.Org

## ਕਤਕ ਨਵੰਬਰ 97 ਮੱਘਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 30 ੧੫ | | | | | | 1 ਕੱਤਕ੧੬ |
| 2 ੧੭ | 3 ੧੮ | 4 ੧੯ | 5 ੨੦ | 6 ੨੧ | 7 ੨੨ | 8 ੨੩ |
| 9 ੨੪ | 10 ੨੫ | 11 ੨੬ | 12 ੨੭ | 13 ੨੮ | 14 ੨੯ | 15 ੩੦ |
| 16 ਮੱਘਰ੧ | 17 ੨ | 18 ੩ | 19 ੪ | 20 ੫ | 21 ੬ | 22 ੭ |
| 23 ੮ | 24 ੯ | 25 ੧੦ | 26 ੧੧ | 27 ੧੨ | 28 ੧੩ | 29 ੧੪ |

## ਮੱਘਰ ਦੰਸਬਰ 97 ਪੋਹ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | 1 ਮੱਘਰ੧੬ | 2 ੧੭ | 3 ੧੮ | 4 ੧੯ | 5 ੨੦ | 6 ੨੧ |
| 7 ੨੨ | 8 ੨੩ | 9 ੨੪ | 10 ੨੫ | 11 ੨੬ | 12 ੨੭ | 3 ੨੮ |
| 14 ੨੯ | 15 ਪੋਹ੧ | 16 ੨ | 17 ੩ | 18 ੪ | 19 ੫ | 20 ੬ |
| 21 ੭ | 22 ੮ | 23 ੯ | 24 ੧੦ | 25 ੧੧ | 26 ੧੨ | 27 ੧੩ |
| 28 ੧੪ | 29 ੧੫ | 30 ੧੬ | 31 ੧੭ | | | |



www.AKJ.Org

## ਸੂਰਾ ਪੱਤਰ ਨੂੰ ਪ੍ਰੁੱਜੀ ਸਹਾਇਤਾ

| | | | |
|---|---|---|---|
| ਬੀਬੀ ਸੰਤ ਕੌਰ ਜੀ | ੫੨/- | J W O ਬਲਦੇਵ ਸਿੰਘ (ਠਾਣੇ ਤੋਂ) | ੧੪੦/- |
| ਮਾਸਟਰ ਅਜਮੇਰ ਸਿੰਘ ਜੀ | ੧੦੦/- | ਗੁਪਤ | ੪੦੦/- |
| ਗੁਪਤ | ੫੦/- | ਸ੍ਰ: ਬਲਵੰਤ ਸਿੰਘ ਸ਼ੀ.ਖਾਲਸਾ ਫਿਰੋਜਪੁਰ | ੧੦੦/- |
| ਗੁਪਤ (ਰਾਹੀ ਸ੍ਰ: ਜੀਵਨ ਸਿੰਘ) | ੫੦੦੦/ | ਗੁਪਤ | ੨੦੦/- |
| ਰਿਪੁਦਮਨ ਸਿੰਘ ਮਲਿਕ | ੫੦੦੦/- | ਭਾਈ ਹਰਮੀਤ ਸਿੰਘ | ੧੦੦/- |
| ਗੁਪਤ | ੧੦੦/- | ਗੁਪਤ | ੧੦੦/- |
| ਗੁਪਤ | ੫/- | ਬੀਬੀ ਪ੍ਰੀਤਮ ਕੌਰ | ੩੦੦/- |
| ਡਾ. ਗੁਰਚਰਨ ਸਿੰਘ ਝਾਂਡੇ | ੬੦੧/- | ਸ੍ਰ ਸੰਤਾ ਸਿੰਘ ਪੁੱਤਰ ਸ੍ਰ ਉਜਲ ਸਿੰਘ | ੫੨੦੦/- |
| ਗੁਪਤ (ਅਹਿਮਦਾਬਾਦ ਤੋਂ) | ੨੫੦/- | ਗੁਪਤ | ੧੫੦/- |
| ਸ੍ਰ: ਮਨਮੋਹਨ ਸਿੰਘ ਚੰਬਾ | ੧੦/- | ਬੀਬੀ ਨਰਿੰਦਰ ਕੌਰ ਜੈਪੁਰ | ੫੦੦/- |
| ਭਾਈ ਨਾਨਕ ਸਿੰਘ ਪੂਨਾ | ੨੭੦/- | | |

## ਫਰੀ ਲਿਟਰੇਚਰ ਫੰਡ ਲਈ ਪ੍ਰੁੱਜੀ ਸਹਾਇਤਾ

| | | | |
|---|---|---|---|
| ਸ੍ਰ: ਈਸ਼ਰ ਸਿੰਘ ਜੀ | ੧੦/- | ਰਾਇਲ ਬੈਰਿੰਗ ਏਜੰਸੀ | ੭੦੦/- |
| ਸ੍ਰ: ਕਰਤਾਰ ਸਿੰਘ ਗਰੀਬ | ੨੧/- | ਸ੍ਰ: ਅਰਜਨ ਸਿੰਘ | ੧੦੦/- |
| ਗੁਪਤ | ੧੦/- | ਸ੍ਰ: ਬਲਬੀਰ ਸਿੰਘ | ੧੦੦/- |
| ਸ੍ਰ: ਹਰੀ ਸਿੰਘ ਲੁਧਿਆਣਾ | ੨੦੦/- | ਗੁਪਤ | ੧੦੦/- |
| ਸ੍ਰ: ਬਲਜਿੰਦਰ ਸਿੰਘ | ੧੦੦/- | ਬੱਚੀ ਜਸਲੀਨ ਕੌਰ | ੨੫/- |
| ਗੁਪਤ | ੨੦/- | ਸ੍ਰ: ਨਾਨਕ ਸਿੰਘ ਜੀ ਪੂਨਾ | ੨੩੦/- |
| ਗੁਪਤ | ੧੦੦/- | | |

## ਝਟਕਾ ਮਾਸ ਬਾਰੇ ਵਾਦ ਵਿਵਾਦ

ਬਹੁਤ ਸਾਰੀਆਂ ਥਾਵਾਂ ਤੇ ਮਾਸ ਨੂੰ ਝਟਕਾ ਨਾ ਹੋਣ ਖਾਣ ਜਾਂ ਨਾ ਖਾਣ ਬਾਰੇ ਵਾਦ-ਵਿਵਾਦ ਖੜ੍ਹਾ ਕੀਤਾ ਜਾਂਦਾ ਹੈ। ਇਸ ਬਾਰੇ ਸਮੇਂ-2 ਸਿਰ ਪਾਠਕਾਂ ਵੱਲੋਂ ਪੁੱਛਾਂ ਆਉਂਦੀਆਂ ਰਹਿੰਦੀਆਂ ਹਨ। ਇਸ ਸਬੰਧ ਵਿਚ ਗੁਰਮਤਿ, ਗੁਰਬਾਣੀ ਅਤੇ ਇਤਿਹਾਸ ਦੀ ਅਸਲੀਅਤ ਦੇ ਸਾਹਮਣੇ ਹੇਠ ਲਿਖੀਆਂ ਪੁਸਤਕਾਂ ਪੜ ਕੇ ਸਹੀ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ-

| | |
|---|---|
| ਝਟਕਾ ਮਾਸ ਪ੍ਰਥਾਇ ਗੁਰਮਤਿ ਤੱਤ ਨਿਰਣੈ | (ਭਾ. ਸਾ. ਭਾ. ਰਣਧੀਰ ਸਿੰਘ ਜੀ) |
| ਸਿਖ ਧਰਮ ਤੇ ਮਾਸ ਸ਼ਰਾਬ | (ਜੋ. ਪੀ. ਸੰਗਤ ਸਿੰਘ) |
| ਤਉ ਕਿਉ ਮੁਰਗੀ ਮਾਰੈ | (ਭਾ. ਜੁਗਿੰਦਰ ਸਿੰਘ ਜੀ ਤਲਵਾੜਾ) |
| ਗੁਰਸਿੱਖ ਰਹਿਣੀ | (ਪ੍ਰੋ: ਅਮਰਜੀਤ ਕੌਰ) |

## ਪੰਜਵਾਂ ਕਕਾਰ ਕੇਸਕੀ

ਇਸ ਅਸਲੀਅਤ ਨੂੰ ਸਮਝਣ ਲਈ ਹੇਠ ਲਿਖੀਆਂ ਪੁਸਤਕਾਂ ਪੜ੍ਹੋ

| | |
|---|---|
| ਕੇਸਕੀ (ਦਸਤਾਰ) | ਪ੍ਰਕਾਸ਼ਕ 'ਸੂਰਾ' |
| ਸਾਬਤ ਸੂਰਤਿ ਦਸਤਾਰ ਸਿਰਾ | ਸਿੱਖ ਮਿਸ਼ਨਰੀ ਕਾਲਜ ਲੁਧਿਆਣਾ |
| ਗੁਰਸਿੱਖ ਰਹਿਣੀ | ਪ੍ਰੋ: ਅਮਰਜੀਤ ਕੌਰ |

ਪੁਸਤਕਾਂ ਮਿਲਣ ਦਾ ਪਤਾ

'ਸੂਰਾ ਮੰਥਲੀ' ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਲੁਧਿਆਣਾ-141002

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1.ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵਾਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2.ਚੈੱਕ, ਡਰਾਫਟ ਆਦਿ ਭੇਜਣ ਵੇਲੇ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। 3.ਮਨੀਆਡਰ ਫਾਰਮ ਉੱਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰ:, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਲਿਖੋ ਜੀ।

ਸੰਪਾਦਕ

www.AKJ.Org

Regd. No./12245/66 SURA/MARCH/97 P.O. Regd. No. PB/LD/121/97

ਗੁਰਦੁਆਰਾ ਹਰਿਗੋਬਿੰਦਗੜ੍ਹ ਸਾਹਿਬ ਮੁਰਿੰਡਾ ਰੋਡ ਕੁਰਾਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

15-3-97 ਸਵੇਰੇ ਭੋਗ ਸਹਿਜਪਾਠ 6 ਵਜੇ ਉਪਰੰਤ ਕੀਰਤਨ ਦੁਪਹਿਰ ਇਕ ਵਜੇ ਤੱਕ
ਸ਼ਾਮ 8 ਵਜੇ ਆਰੰਭ ਰੈਣਿ ਸਬਾਈ ਕੀਰਤਨ।

16-3-97 ਸਵੇਰੇ 6 ਵਜੇ ਭੋਗ ਰੈਣਿ ਸਬਾਈ ਕੀਰਤਨ

ਪਿੰਡ ਰਾਮਲ ਨੇੜੇ ਧਿਆਨਪੁਰ (ਬਟਾਲਾ) ਵਿਖੇ ਰੈਣਿ ਸਬਾਈ ਕੀਰਤਨ

ਭਾਈ ਹਰਭਜਨ ਸਿੰਘ ਦੇ ਗ੍ਰਿਹਿ ਵਿਖੇ 15 ਮਾਰਚ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਬਟਾਲਾ ਤੋਂ ਸਮਾਗਮ ਵਾਲੇ ਪਿੰਡ ਪਹੁੰਚਣ ਲਈ ਦਿਨ ਵਿੱਚ ਤਿੰਨ ਟਾਈਮ 9 ਵਜੇ, ਦੁਪਹਿਰ 12 ਵਜੇ ਅਤੇ ਸ਼ਾਮ 4 ਵਜੇ ਬੱਸ ਚਲਦੀ ਹੈ।

**ਪਿੰਡ ਜੈਂਤੀਪੁਰ (ਬਟਾਲਾ) ਵਿਖੇ ਰੈਣਿ ਸਬਾਈ ਕੀਰਤਨ 22 ਮਾਰਚ ਰਾਤ ਨੂੰ**

**ਹੋਲਾ ਮਹੱਲਾ ਦਾ ਸਲਾਨਾ ਅਖੰਡ ਕੀਰਤਨੀ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਵਿਖੇ**

**ਹਰ ਸਾਲ ਦੀ ਤਰ੍ਹਾਂ ਅਖੰਡ ਕੀਰਤਨੀ ਜੱਥਿਆਂ ਵਲੋਂ ਸ੍ਰੀ ਕਲਗੀਧਰ ਕੀਰਤਨ ਦਰਬਾਰ ਲੋਹਗੜ੍ਹ ਰੋਡ ਵਿਖੇ 22 ਤੋਂ 24 ਮਾਰਚ ਸ੍ਰੀ ਅਖੰਡ ਪਾਠ ਸਾਹਿਬ। 24 ਮਾਰਚ ਸਵੇਰ ਤੋਂ ਦੁਪਹਿਰ ਤੱਕ ਅਖੰਡ ਕੀਰਤਨ ਅਤੇ ਸ਼ਾਮ 7 ਵਜੇ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ ਹੋਣਗੇ ਸਾਰੀ ਸਮਾਪਤੀ 25 ਮਾਰਚ ਸਵੇਰੇ 6 ਵਜੇ**

ਨੈਨੇਕੋਟ (ਗੁਰਦਾਸਪੁਰ) ਭਾਈ ਜੋਗਿੰਦਰ ਸਿੰਘ ਜੀ ਦੇ ਗ੍ਰਿਹਿ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ 30 ਮਾਰਚ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। 29 ਮਾਰਚ ਸ਼ਾਮ 5 ਵਜੇ ਸ੍ਰੀ ਅੰਮ੍ਰਿਤਸਰ ਤੋਂ ਅਤੇ 30 ਮਾਰਚ ਸਵੇਰੇ 6 ਵਜੇ ਬਾਬਾ ਬਕਾਲਾ ਤੋਂ ਸੰਗਤ ਲਈ ਬੱਸ ਜਾਵੇਗੀ।

U . K . ਵਿਖੇ ਰੈਣਿ ਸਬਾਈ ਕੀਰਤਨ

15 ਮਾਰਚ 1997 ਰੈਣਿ ਸਬਾਈ ਕੀਰਤਨ ਗੁਰੂ ਨਾਨਕ ਸਿੱਖ ਟੈਂਪਲ West Bromwich Street Caldnore Walsal U. K. ਵਿਖੇ Tel. 0192222199
ਹੋਰ ਜਾਣਕਾਰੀ ਲਈ ਤਰਲੋਚਨ ਸਿੰਘ Tel. 01215200651/0956804107

ਕੀਰਤਨੀ ਵੀਰ ਵਰਿੰਦਰ ਸਿੰਘ ਤੇ ਰੁਪਿੰਦਰ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਕੀਰਤਲ ਸਮਾਗਮ

ਭਾਈ ਸੂਰਤ ਸਿੰਘ (ਪੂਰਨ ਜੀ) ਤੇ ਬੀਬੀ ਭੁਪਿੰਦਰ ਕੌਰ ਦੇ ਲਾਡਲੇ (ਬੱਚਿਆਂ ਦੀ ਯਾਦ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਬਰੇਲੀ ਵਿਖੇ ਹੇਠ ਲਿਖੇ ਕੀਰਤਨ) ਸਮਾਗਮ ਕੀਤੇ ਜਾ ਰਹੇ ਹਨ:-
ਸ੍ਰੀ ਅੰਮ੍ਰਿਤਸਰ ਵਿਖੇ:- 5 ਅਪ੍ਰੈਲ 1997 ਰਾਤ ਰੈਣਿ ਸਬਾਈ ਕੀਰਤਨ ਗੁ: ਸਾਹਿਬ ਅਜੀਤ ਨਗਰ ਵਿਖੇ।
ਬਰੇਲੀ ਵਿਖੇ :-
24 ਤੋਂ 27 ਅਪ੍ਰੈਲ 1997 ਸ੍ਰੀ ਅਖੰਡ ਪਾਠ ਸਾਹਿਬ ਤੇ ਅਖੰਡ ਕੀਰਤਨ ਸਮਾਗਮ ਅਤੇ 25 ਅਪ੍ਰੈਲ ਯਾਤਰਾ ਇਤਿਹਾਸਕ ਅਸਥਾਨ ਗੁ: ਨਾਨਕਾਣਾ ਸਾਹਿਬ ਅਤੇ ਨਾਨਕਪੁਰੀ ਟਾਂਡਾ।

ਧੂਰੀ ਵਿਖੇ ਸਾਲਾਨਾ ਸਮਾਗਮ ਰੈਣਿ ਸਬਾਈ ਕੀਰਤਨ

ਗੁਰਦੁਆਰਾ ਨਾਨਕਸਰ (ਮਲੇਰਕੋਟਲਾ ਰੋਡ ਬਾਈਪਾਸ ਨੇੜੇ ਗੈਸ ਏਜੰਸੀ) ਧੂਰੀ ਵਿਖੇ 19 ਅਪ੍ਰੈਲ ਰਾਤ ਰੈਣਿ ਸਬਾਈ ਕੀਰਤਨ।

ਪਿੰਡ ਬਲੀਕਲਾਂ (ਰੋਪੜ) ਵਿਖੇ ਅਖੰਡ ਕੀਰਤਨ ਸਮਾਗਮ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ 26-4-97 ਸ਼ਨੀਵਾਰ ਸਵੇਰੇ ਭੋਗ ਸਹਿਜ ਪਾਠ ਉਪ੍ਰੰਤ ਅਖੰਡ ਕੀਰਤਨ ਦੁਪਹਿਰ 1 ਵਜੇ ਤੱਕ ਰਾਤ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ।
ਨੋਟ :- ਸੰਗਤ ਨੂੰ ਲਿਜਾਣ ਲਈ 26 ਅਪ੍ਰੈਲ 97 ਸਵੇਰੇ 10 ਵਜੇ ਦੋ ਟਰੱਕ ਗੁ: ਗੁਰੂ ਤੇਗ ਬਹਾਦਰ ਸਾਹਿਬ ਮੋਗਾ ਤੋਂ ਚੱਲਣਗੇ।

SURA (Monthly) KOTHI No. 12, BLOCK-I, BHAI RANDHIR SINGH NAGAR, LUDHIANA-141004

www.AKJ.Org